# ਨਜ਼ੀਰ ਕਹੂਟ ਨਾਲ ਇਕ ਮੁਲਾਕਾਤ

*ਨਜ਼ੀਰ ਕਹੂਟ ਪੰਜਾਬੀ ਪਿਆਰਿਆਂ ਵਿਚ ਇਕ ਵੱਡਾ ਨਾਂ ਹੈ ਜਿਸ ਦਾ ਪੰਜਾਬੀ ਕੌਮ ਪ੍ਰਤੀ ਪ੍ਰੇਮ, ਅਤਿ ਭਾਵੁਕ ਹੈ। 20 ਜੁਲਾਈ, 1997 ਨੂੰ ਪ੍ਰੀਤਮ ਸਿੰਘ ਕੈਂਬੋ ਨੇ ਉਨ੍ਹਾਂ ਨਾਲ ਇਕ ਮੁਲਾਕਾਤ ਲੰਡਨ ਵਿਖੇ ਕੀਤੀ ਜਿਸ ਨੂੰ ਅਸੀਂ ਆਪਣੇ ਪਾਠਕਾਂ ਲਈ ਛਾਪਣ ਦੀ ਖੁਸ਼ੀ ਲੈ ਰਹੇ ਹਾਂ।-- ਸੰਪਾਦਕ*

ਆਰਥਿਕ ਸੰਕਟ ਅਤੇ ਘਰੇਲੂ ਮਜਬੂਰੀਆਂ ਕਰਕੇ ਹੀ ਇਨਸਾਨ ਆਪਣਾ ਘਰ ਬਾਰ ਛੱਡ ਕੇ ਥਾਂ ਥਾਂ ਦੀਆਂ ਠੋਕਰਾਂ ਖਾਂਦਾ ਹੈ। ਉਹ ਆਰਥਿਕ ਸਮੱਸਿਆਵਾਂ ਨਾਲ ਜੂਝਦਾ ਹੋਇਆ ਦੂਜੀਆਂ ਥਾਂਵਾਂ ਦੇ ਅਨੇਕਾਂ ਕੌੜੇ ਮਿੱਠੇ ਅਨੁਭਵ ਵੀ ਗ੍ਰਹਿਣ ਕਰਦਾ ਹੈ। ਜੇ ਕੋਈ ਲੇਖਕ ਸੂਖ਼ਮ ਬਿਰਤੀ ਵਾਲਾ ਹੋਵੇ ਤਾਂ ਉਹਨੂੰ ਮਾਲੀ ਔਕੜਾਂ ਦੇ ਨਾਲ ਨਾਲ ਸਭਿਆਚਾਰਕ ਸੰਕਟ ਸਭ ਤੋਂ ਜ਼ਿਆਦਾ ਦੁਖੀ ਕਰਦਾ ਹੈ। ਨਜ਼ੀਰ ਕਹੂਟ ਹੋਰੀਂ ਅਜੇਹੀਆਂ ਸਥਿਤੀਆਂ ਦੀ ਮਾਰ ਹੇਠ ਆਏ ਹੋਏ ਲੇਖਕ ਹਨ। ਸਭ ਤੋਂ ਪਹਿਲਾਂ ਉਨ੍ਹਾਂ ਨੇ ਲਹਿੰਦੇ ਪੰਜਾਬ ਦੀ ਆਪਣੀ ਧਰਤੀ ਨੂੰ ਛੱਡ ਕੇ ਸਿੰਧ (ਪਾਕਿਸਤਾਨ) ਵਿਚ ਜਾ ਡੇਰਾ ਲਾਇਆ। ਆਪਣੀ ਜ਼ਬਾਨ ਅਤੇ ਆਪਣੇ ਸਭਿਆਚਾਰ ਨਾਲ ਹੁੰਦੇ ਅਣਮਨੁੱਖੀ ਵਰਤਾਓ ਕਰਕੇ ਉਹ ਤੜਪ ਉੱਠੇ। ਉਨ੍ਹਾਂ ਦੀ ਵਿਅੰਗ ਭਾਵੀ ਸਿਰਲੇਖ ਵਾਲੀ ਪੁਸਤਕ '***ਆਓ! ਪੰਜਾਬੀ ਨੂੰ ਕਤਲ ਕਰੀਏ***' ਲਹਿੰਦੇ ਪੰਜਾਬ ਅੰਦਰ, ਪੰਜਾਬ, ਪੰਜਾਬੀ ਅਤੇ ਪੰਜਾਬੀ ਕੌਮ ਦੀ ਨਿੱਘਰਦੀ ਤੇ ਅਤਿ-ਘਿਨੌਣੀ ਤਸਵੀਰ ਨੂੰ ਪੀੜਤ ਭਰਪੂਰ ਤੇ ਸਪਸ਼ਟ ਸ਼ਬਦਾਂ ਵਿਚ ਉਲੀਕਦੀ ਹੈ।

ਬੇਸ਼ਕ ਲਹਿੰਦੇ ਪੰਜਾਬ ਵਿਚ ਪੰਜਾਬੀ ਜ਼ਬਾਨ ਦੀ ਹਾਲਤ ਤਸੱਲੀਬਖ਼ਸ਼ ਨਹੀਂ ਅਤੇ ਪੰਜਾਬੀ ਨੂੰ ਅਜੇ ਤੱਕ ਪ੍ਰਾਇਮਰੀ ਪੱਧਰ 'ਤੇ ਯੋਗ ਮਾਣ ਨਹੀਂ ਮਿਲਿਆ, ਪਰ ਕੁਝ ਚਿਰ ਤੋਂ ਪੰਜਾਬੀ ਨੂੰ ਹੱਕੀ ਸਥਾਨ ਦਿਵਾਉਣ ਲਈ ਪੰਜਾਬੀ ਲੇਖਕਾਂ ਵਿਚ ਨਵੀਨ ਚੇਤਨਾ ਉਭਰ ਰਹੀ ਹੈ। ਲੇਖਕ ਪਾਕਿਸਤਾਨ ਵਿਚ ਪੰਜਾਬੀ ਦੇ ਹਿੱਤ ਲਈ ਲੜ ਵੀ ਰਹੇ ਹਨ ਅਤੇ ਸਾਹਿਤ ਸਿਰਜਣਾ ਵੀ ਕਰ ਰਹੇ ਹਨ। ਪੰਜਾਬੀ ਪਿਆਰਿਆਂ ਦਾ ਇਸ ਤਰ੍ਹਾਂ ਇਕ ਚੰਗਾ ਕਾਫਲਾ ਬਣ ਗਿਆ ਹੈ। ਨਜ਼ੀਰ ਕਹੂਟ ਵੀ ਇਸ ਕਾਫਲੇ ਦੇ ਉੱਘੇ ਮੈਂਬਰ ਹਨ। ਉਨ੍ਹਾਂ ਨੇ ਪਾਕਿਸਤਾਨ ਵਿਚ ਰਹਿੰਦਿਆਂ ਪੰਜਾਬੀ ਦੇ ਵਿਕਾਸ ਲਈ ਘੋਲ ਲੜਿਆ ਹੈ। ਉਪਰੋਕਤ ਅੰਕਿਤ ਪੁਸਤਕ ਵਿਚ ਵਿੱਢੇ ਹੋਏ ਸੰਘਰਸ਼ ਦੀ ਤਫ਼ਸੀਲ ਰੂਪਮਾਨ ਹੋਈ ਹੈ। ਇਸ ਪੁਸਤਕ ਦੀ ਕਾਫੀ ਚਰਚਾ ਵੀ ਹੋਈ ਹੈ। ਜਿਸ ਦੇ ਸੰਦਰਭ ਵਿਚ ਉਨ੍ਹਾਂ ਦੀਆਂ ਕਈ ਮੁਲਾਕਾਤਾਂ ਵੱਖ ਵੱਖ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਛਪੀਆਂ ਹਨ। ਹਾਲਾਤ ਨੇ ਪਲਟਾ ਖਾਧਾ ਉਹ ਇੰਗਲੈਂਡ ਆ ਗਏ ਤੇ ਕੁਝ ਚਿਰ ਇੱਥੇ ਟਿਕੇ ਰਹੇ ਤੇ ਫਿਰ ਜਾ ਕੈਨੇਡਾ ਸੈਟਲ ਹੋਏ। ਕੈਨੇਡਾ ਵਿਚ ਵੀ ਉਹ ਪੰਜਾਬੀ ਦੇ ਕੰਮ ਨਾਲ ਜੁੜੇ ਹੋਏ ਹਨ। ਉਹ ਬਕਾਇਦਾ ਤੌਰ ਤੇ ਪੰਜਾਬੀ ਕਾਨਫ੍ਰੰਸਾਂ ਵਿਚ ਹਿੱਸਾ ਲੈਂਦੇ ਹਨ। ਉਨ੍ਹਾਂ ਨੇ ਸਾਊਥ ਏਸ਼ੀਅਨ ਰੀਵੀਊ ਵਲੋਂ ਸਾਲ 2000 ਤੇ ਸਾਲ 2003 ਵਿਚ ਪ੍ਰਿੰਸ ਜਾਰਜ ਵਿਖੇ ਕਰਵਾਈਆਂ ਗਈਆਂ ਦੋਨੋਂ ਵਿਸ਼ਵ ਪੰਜਾਬੀ ਕਾਨਫ੍ਰੰਸਾਂ ਵਿਚ ਹਿਸਾ ਲਿਆ। ਉਹ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬੀਆਂ ਨੂੰ ਏਕਤਾ ਵਿਚ ਪਰੋਣ ਲਈ ਪੰਜਾਬੀ ਇੰਟਰਨੈਸ਼ਨਲ ਫੋਰਮ ਨਾਂ ਦੀ ਸੰਸਥਾ ਦੀ ਪ੍ਰਤੀਨਿਧਤਾ ਕਰ ਰਹੇ ਹਨ। ਪਾਕਿਸਤਾਨ ਰਹਿੰਦਿਆਂ `***ਦੀ ਜੀਨੀਅਸ***` ਨਾਂ ਦਾ ਇਕ ਸ਼ਾਨਦਾਰ ਪਰਚਾ ਚਲਾ ਰਹੇ ਸਨ, ਜੋ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਵਿਚ ਨਿਕਲਦਾ ਸੀ। ਕਹੂਟ ਸਾਹਿਬ ਬਹੁਤ ਹੀ ਜਜ਼ਬਾਤੀ ਹਨ ਤੇ ਆਪਣੀ ਗੱਲ ਬਿਲਕੁਲ ਨਿਧੜਕ ਹੋ ਕੇ ਕਰਦੇ ਹਨ। ਮੈਨੂੰ ਉਨ੍ਹਾਂ ਨਾਲ ਗੱਲ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਜਦੋਂ ਉਹ ਇੰਗਲੈਂਡ ਵਿਚ ਟਿਕੇ ਹੋਏ ਸਨ। ਬਹੁਤ ਹੀ ਸਹਿਜ ਭਰਪੂਰ ਵਾਤਾਵਰਨ ਵਿਚ ਉਨ੍ਹਾਂ ਨਾਲ ਹੋਈਆਂ ਵਿਚਾਰਾਂ ਨੂੰ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ। ਕਹੂਟ ਸਾਹਿਬ ਦੇ ਇਹ ਵਿਚਾਰ ਮੇਰੇ ਗ੍ਰਹਿ ਵਿਖੇ ਮਿਤੀ 20 ਜੁਲਾਈ, 1997 ਨੂੰ ਰਿਕਾਰਡ ਕੀਤੇ ਗਏ ਸਨ।

***ਪ੍ਰੀਤਮ ਸਿੰਘ ਕੈਂਬੋਃ*** *ਕਹੂਟ ਜੀ, ਮੈਂ ਤੁਹਾਡਾ ਸਵਾਗਤ ਕਰਦਾ ਹਾਂ ਕਿ ਤੁਸੀਂ ਸਮਾਂ ਕੱਢ ਕੇ ਇਥੇ ਆਏ ਹੋ। ਮੈਂ ਆਪ ਜੀ ਦੀ ਪੁਸਤਕ 'ਆਓ! ਪੰਜਾਬੀ ਨੂੰ ਕਤਲ ਕਰੀਏ' ਵਿਚ ਉਭਾਰੇ ਗਏ ਪ੍ਰਮੁੱਖ ਮਸਲਿਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਹ ਮਸਲੇ ਤਾਂ ਕਾਫੀ ਗੰਭੀਰਤਾ ਦੀ ਮੰਗ ਕਰਦੇ ਹਨ। ਆਪ ਵਲੋਂ ਇਤਨੇ ਜਜ਼ਬਾਤੀ ਹੋ ਕੇ ਲਿਖਣ ਦਾ ਕੀ ਮਤਲਬ ਹੈ?*

**ਨਜ਼ੀਰ ਕਹੂਟਃ** ਅਸਲ ਵਿਚ '*ਆਓ! ਪੰਜਾਬੀ ਨੂੰ ਕਤਲ ਕਰੀਏ*' ਦੇ ਲਿਖਣ ਦਾ ਜੋ ਸਬੱਬ ਬਣਿਆ, ਉਹ ਇਹ ਹੈ ਕਿ ਇਹ ਜਜ਼ਬਾਤੀ ਨੌਈਅਤ ਦੇ ਮਸਲੇ ਸਨ। ਇਸੇ ਲਈ ਇਹ ਕਿਤਾਬ ਲਿਖੀ ਗਈ। ਅਜਿਹੀਆਂ ਗੱਲਾਂ ਸੰਬੰਧੀ ਇਨਸਾਨ ਆਪਣੇ ਜਜ਼ਬਾਤਾਂ ਨੂੰ ਕਾਬੂ 'ਚ ਨਹੀਂ ਰੱਖ ਸਕਦਾ। ਮਸਲਨ ਕਿਤਾਬ ਵਿਚ ਅੰਕਿਤ ਸਿੰਧ ਬਾਰੇ ਮਸਲੇ ਪੇਸ਼ ਹੋਏ ਹਨ। ਉਥੇ ਰਹਿੰਦੇ ਪੰਜਾਬੀ ਕਈ ਤਰ੍ਹਾਂ ਦੇ ਜਬਰ ਦੇ ਸ਼ਿਕਾਰ ਹੋਏ ਹਨ। ਇਹ ਨਸਲੀ, ਇਲਾਕਾਈ ਤੇ ਲਾਸਾਨੀ ਆਦਿ ਦੇ ਮਸਲੇ ਹਨ। ਸਿੰਧ ਵਿਚ ਪੰਜਾਬੀ ਨਾਲ ਜਬਰ ਅਮਲੀ ਸ਼ਕਲ ਵਿਚ ਮੌਜੂਦ ਹੈ। ਪਿੰਡਾਂ ਵਿਚ ਰਹਿੰਦੇ ਪੰਜਾਬੀਆਂ ਦੇ ਖ਼ਿਲਾਫ਼ ਪੇਂਡੂ ਦਹਿਸ਼ਤਗਰਦ ਕੰਮ ਕਰ ਰਿਹਾ ਹੈ। ਇਸੇ ਤਰ੍ਹਾਂ ਕਰਾਚੀ ਵਿਚ ਸ਼ਹਿਰੀ ਦਹਿਸ਼ਤਗਰਦ ਪੰਜਾਬੀਆਂ ਖਿਲਾਫ਼ ਸਰਗਰਮ ਹੈ। ਇਹ ਦਹਿਸ਼ਤਗਰਦੀ ਜ਼ਬਾਨੀ-ਕਲਾਮੀ ਨਹੀਂ ਹੁੰਦੀ। ਇਹਦੇ ਪ੍ਰਭਾਵ ਕਰਕੇ ਪੰਜਾਬੀ ਕਿਸਾਨਾਂ ਦੇ ਖੇਤ ਸਾੜੇ ਗਏ ਤੇ ਪੰਜਾਬੀਆਂ ਨੂੰ ਕਤਲ ਵੀ ਕੀਤਾ ਗਿਆ। ਇਸ ਦਹਿਸ਼ਤਗਰਦੀ ਦੀ ਜੜ੍ਹ ਵਿਚ ਇਹ ਹੈ ਕਿ ਪੰਜਾਬੀਆਂ ਨੂੰ ਏਥੋਂ ਕੱਢ ਦਿਓ।

ਇਸ ਤੋਂ ਇਲਾਵਾ ਟਾਰਚਰ, ਤਸ਼ੱਦਦ ਤੇ ਅਗਵਾ ਆਦਿ ਦੀਆਂ ਕਾਰਵਾਈਆਂ ਵੀ ਕੀਤੀਆਂ ਗਈਆਂ। ਇਨ੍ਹਾਂ ਤੋਂ ਅਸਰਅੰਦਾਜ਼ ਹੋ ਕੇ ਹੀ ਮੇਰੀ ਕਲਮ ਵਿਚ ਭਾਵੁਕਤਾ ਆ ਗਈ ਹੈ।

***ਪ੍ਰੀਤਮ ਸਿੰਘ ਕੈਂਬੋ:*** *ਤੁਸੀਂ ਕਰਾਚੀ ਕਦੋਂ ਗਏ ਤੇ ਕਦ ਤੋਂ ਤੁਸੀਂ ਇਹ ਗੈਰ ਇਨਸਾਨੀ ਸਲੂਕ ਤੇ ਵਿਤਕਰੇ ਨੂੰ ਮਹਿਸੂਸ ਕਰ ਰਹੇ ਹੋ?*

**ਨਜ਼ੀਰ ਕਹੂਟ:** ਅਸੀਂ 1969 ਵਿਚ ਪੰਜਾਬ ਛੱਡ ਕੇ ਸਿੰਧ ਦੇ ਸ਼ਹਿਰ ਮਦੀਨ ਵਿਚ ਸੈਟਲ ਹੋਏ ਸਾਂ। ਫੌਜੀ ਹੋਣ ਕਰਕੇ ਫਾਦਰ ਸਾਹਿਬ ਨੂੰ ਜ਼ਮੀਨ ਅਲਾਟ ਹੋਈ ਸੀ। ਪੰਜਾਬ ਛੱਡਣ ਦਾ ਮੁੱਢਲਾ ਕਾਰਨ ਇਹ ਸੀ ਕਿ ਜਿਹਲਮ ਦਰਿਆ ਦੇ ਕੰਢੇ ਸਾਡਾ ਪਿੰਡ ਤ੍ਰੁੱਡੀਆਂ ਸੀ। ਸਾਡੇ ਨਾਲ ਦੇ ਪਿੰਡ ਦਾ ਨਾਂ ਹੈ ਕੱਲੇ। ਨਾਲ ਝਾਵੜੀਆਂ ਤੇ ਡੇਰਾ ਸ਼ਾਹਪੁਰ ਤਹਿਸੀਲ ਸੀ। ਸਾਡਾ ਪਿੰਡ ਛੱਡਣ ਦਾ ਕਾਰਨ ਇਹ ਸੀ ਕਿ ਸਾਡੀ ਜ਼ਮੀਨ ਦਰਿਆ ਬੁਰਦ ਹੋ ਗਈ। ਜੇ ਜੱਟ ਕੋਲ ਜ਼ਮੀਨ ਨਾ ਰਵ੍ਹੇ ਤਾਂ ਉਹ ਖਾਵੇ ਕਿਥੋਂ? ਅਸੀਂ ਸਕੂਲ ਵਿਚ ਪੜ੍ਹਦੇ ਸਾਂ। ਫਾਦਰ ਸਾਹਿਬ ਨੇ ਸੋਚਿਆਂ ਕਿ ਹੁਣ ਗੁਜ਼ਾਰਾ ਨਹੀ ਹੋਣਾ ਤੇ ਅਸੀ ਸਿੰਧ ਵੱਲ ਚਲਦੇ ਹਾਂ। ਉੱਥੇ ਜਾ ਕੇ ਅਸੀਂ ਜ਼ਮੀਨ ਆਬਾਦ ਕੀਤੀ। ਮੇਰੇ ਮਾਂ-ਬਾਪ ਤੇ ਦਾਦੇ ਨੇ ਵਾਹੀ ਕੀਤੀ ਤੇ ਜ਼ਮੀਨ ਨੂੰ ਵਾਹੀ ਯੋਗ ਬਣਾਇਆ। ਪ੍ਰੰਤੂ ਉੱਥੇ ਸਾਡੇ ਨਾਲ ਬੜੀਆਂ ਅਣਹੋਣੀਆਂ ਗੱਲਾਂ ਵਾਪਰੀਆਂ। ਸਾਡੀਆਂ ਫਸਲਾਂ ਉਜਾੜੀਆਂ ਜਾਂਦੀਆਂ, ਡੰਗਰ ਚੋਰੀ ਕਰ ਲਏ ਜਾਂਦੇ, ਪਾਣੀ ਵੱਢ ਦਿੱਤਾ ਜਾਂਦਾ ਤੇ ਖੇਤਾਂ ਨੂੰ ਅੱਗ ਲਾ ਦਿੱਤੀ ਜਾਂਦੀ। ਵਾਰਿਸ ਸ਼ਾਹ ਲਿਖਦਾ ਹੈ:-*"ਇਕ ਜੱਟ ਦੇ ਖੇਤ ਨੂੰ ਅੱਗ ਲੱਗੀ, ਵੇਖਾਂ ਆਣ ਕੇ ਕਿੰਜ ਬੁਝਾਂਵਦਾ ਈ।"* ਅੱਗ ਬੁਝਾਉਣ ਵਾਲੇ ਨੂੰ ਮਾਰ ਦਿੱਤਾ ਜਾਂਦਾ ਸੀ। ਸੰਨ 1974 ਵਿਚ ਮੈਂ ਗਰੈਜੂਏਸ਼ਨ ਕੀਤੀ। ਫੇਰ ਅਸੀਂ ਵਾਪਸ ਪੰਜਾਬ ਆ ਗਏ ਤੇ ਮੈਂ ਕਾਰੋਬਾਰ ਲਈ ਕਰਾਚੀ ਟੁਰ ਗਿਆ। ਮੈਨੂੰ ਪਤਾ ਸੀ ਕਿ ਕਰਾਚੀ ਵਿਚ ਪੰਜਾਬੀਆਂ ਨਾਲ ਕੀ ਹੋ ਰਿਹਾ ਹੈ। ਮੈਂ ਅੱਜ ਤੱਕ ਨਾ ਭੁੱਲਿਆਂ ਹਾਂ ਤੇ ਨਾ ਹੀ ਇਹ ਭੁੱਲਿਆ ਜਾ ਸਕਦਾ ਹੈ। ਕਰਾਚੀ ਜਾ ਕੇ ਮੈਂ ਜਰਨਲਿਜ਼ਮ ਦਾ ਕੰਮ ਸ਼ੁਰੂ ਕੀਤਾ। ਸਾਲ 1985 ਵਿਚ M.Q.M. (ਮੁਹਾਜ਼ਰ ਕੌਮੀ ਮੂਵਮੈਂਟ) ਲਹਿਰ ਸ਼ੁਰੂ ਹੋਈ ਜਿਹਦਾ ਲੀਡਰ ਆਫ਼ਤਾਬ ਹੁਸੈਨ ਸੀ। ਇਸ ਨੇ ਪੰਜਾਬੀਆਂ ਦੇ ਖ਼ਿਲਾਫ਼ ਨਾਹਰਾ ਲਾਇਆ। ਉਹਨੇ ਕਿਹਾ ਕਿ ਇਹ ਪੰਜਾਬੀ ਪੰਜਾਬ ਮਨੀਆਰਡਰ ਭੇਜਦੇ ਹਨ। ਇਨ੍ਹਾਂ ਉਤੇ ਵਰਕ ਪਰਮਿਟ ਦੀ ਪਾਬੰਦੀ ਲਾਈ ਜਾਵੇ। ਪੰਜਾਬੀਆਂ ਉਤੇ ਹਜ਼ਾਰਾਂ ਹੀ ਹਮਲੇ ਕੀਤੇ ਗਏ। ਪੰਜਾਬੀ ਕਤਲ ਕੀਤੇ ਗਏ। ਇਨ੍ਹਾਂ ਤਸੀਹਿਆਂ ਕਰਕੇ ਲੋਕੀ ਕਰਾਚੀ ਛੱਡ ਕੇ ਨੱਸੇ ਵੀ। ਇਨਟੀਰੀਅਰ ਸਿੰਧ ਵਿਚ ਤੇ ਕਰਾਚੀ ਵਿਚ ਜੋ ਵੀ ਹੋਇਆ ਮੇਰੀਆਂ ਅੱਖਾਂ ਦੇ ਸਾਹਮਣੇ ਹੋਇਆ ਹੈ ਤੇ ਮੈਂ ਉਸ ਦਾ ਚਸ਼ਮਦੀਦ ਗਵਾਹ ਹਾਂ। ਪੰਜਾਬੀ ਹੋਣਾ ਇਕ ਗਾਲ ਬਣ ਗਿਆ। ਇਹ ਸਮਝ 'ਚ ਨਹੀਂ ਸੀ ਆ ਰਿਹਾ ਕਿ ਇਹ ਕਿਹੜੀ ਸ਼ੈ ਪੰਜਾਬੀ ਨਾਲ ਜੁੜੀ ਹੋਈ ਹੈ ਜਿਸ ਕਰਕੇ ਹਰ ਬੰਦਾ ਇਸ ਤੋਂ ਨਫ਼ਰਤ ਕਰਦਾ ਹੈ। ਮੈਂ ਇਸ ਸਭ ਕੁਝ ਨੂੰ ਤੱਕਦਾ, ਵੇਖਦਾ ਤੇ ਮਹਿਸੂਸ ਕਰਦਾ ਰਿਹਾ ਹਾਂ। ਜਦੋਂ ਮੈਂ ਅੱਠਵੀਂ ਜਮਾਤ ਵਿਚ ਪੜ੍ਹਦਾ ਸਾਂ ਤਾਂ ਮੇਰੇ ਸਿੰਧੀ ਮਾਸਟਰ ਨੇ ਕਿਹਾ ਕੇ ਖੜ੍ਹਾ ਹੋ ਕੇ ਆਪਣੀ ਪਹਿਚਾਣ ਕਰਾ। ਪਿਛੋਂ ਇਕ ਸਿੰਧੀ ਮੁੰਡੇ ਨੇ ਆਵਾਜ਼ ਦੇ ਕੇ ਕਿਹਾ ਕਿ ਜੀ ਇਹ ਪੰਜਾਬੀ ਹੈ। ਮੈਨੂੰ ਉਸ ਦਿਨ ਪਹਿਲੀ ਵਾਰ ਮਹਿਸੂਸ ਹੋਇਆ ਕਿ ਮੈਂ ਪੰਜਾਬੀ ਹਾਂ। ਮੈਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਭੁੱਟੋ ਸਿੰਧੀ ਹੈ। ਮੇਰੇ ਹਿਰਦੇ ਵਿਚ ਇਸ ਘਟਨਾ ਨੇ ਘਰ ਕਰ ਰੱਖਿਆ ਹੈ। ਇਹ ਪਿਛੋਕੜ ਸੀ ਜਿਸ ਨਾਲ ਮੇਰੇ ਹਿਰਦੇ ਵਿਚ ਪੰਜਾਬੀ ਨਾਲ ਮੋਹ ਬਣਿਆ ਤੇ ਧੱਕੇ ਵਿਰੁੱਧ ਜਜ਼ਬਾ ਉਭਰਿਆ। ਮੈਂ ਆਪਣੇ ਮਨ ਵਿਚ ਧਾਰਿਆ ਕਿ ਪੰਜਾਬੀ ਨੂੰ ਇਹਦਾ ਸਹੀ ਰੁਤਬਾ ਦੁਆਇਆ ਜਾਣਾ ਚਾਹੀਦਾ ਹੈ। ਮੈਂ ਪੰਜਾਬੀ ਦੀਆਂ ਜੜ੍ਹਾਂ ਲੱਭਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਵੇਖਿਆ ਕਿ ਪੰਜਾਬੀ ਕੌਮ ਦਾ ਤਾਂ ਕੋਈ ਵਜੂਦ ਹੀ ਨਜ਼ਰ ਨਹੀਂ ਆ ਰਿਹਾ। ਪੰਜਾਬੀ ਕੌਮ ਦੀ ਤਾਂ ਸ਼ਨਾਖ਼ਤ ਹੀ ਖੋਹ ਲਈ ਗਈ ਹੈ।

***ਪ੍ਰੀਤਮ ਸਿੰਘ ਕੈਂਬੋ:*** *ਕਹੂਟ ਸਾਹਿਬ, ਤੁਸੀਂ ਆਪਣੇ ਪਿਛੋਕੜ ਨੂੰ ਬਹੁਤ ਹੀ ਬਾਰੀਕੀ ਅਤੇ ਵਿਸਤਾਰ ਨਾਲ ਦੱਸਿਆ ਹੈ। ਹੁਣ ਤੁਸੀਂ ਇਹ ਦੱਸੋ ਕਿ ਸਿੰਧ ਵਿਚ ਜਾ ਕੇ ਤੁਹਾਨੂੰ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਤੁਸੀ ਪਹਿਲਾਂ ਕਿਹੜਾ ਕੰਮ ਅਰੰਭਿਆ ਤੇ ਫਿਰ ਕੀ ਸੇਧ ਲੈ ਕੇ ਅੱਗੇ ਤੁਰੇ ਹੋ?*

**ਨਜ਼ੀਰ ਕਹੂਟ:** ਸਭ ਤੋਂ ਪਹਿਲਾਂ ਅਸੀਂ ਸਾਲ 1989-90 ਵਿਚ ਸੋਸ਼ਲ ਵੈਲਫ਼ੇਅਰ (ਲੋਕ ਸੇਵਾ) ਤਨਜ਼ੀਮ ਸ਼ੁਰੂ ਕੀਤੀ। ਮੈਂ ਇਹਦਾ ਫਾਊਂਡਰ ਸਾਂ। ਹੋਰ ਵੀ ਕਾਫੀ ਪੰਜਾਬੀ ਕਾਮੇ ਤੇ ਸੇਵਾਦਾਰ ਕਰਾਚੀ ਵਿਚ ਸਰਗਰਮ ਸਨ। ਮੁਖ ਤੌਰ ਤੇ ਇਹਦਾ ਮਕਸਦ ਸੀ ਕਿ ਗੈਰ ਸਿਆਸੀ ਤੌਰ ਤੇ ਪੰਜਾਬੀ ਦੇ ਸਮਾਜ ਦੀ ਭਲਾਈ ਲਈ ਕੰਮ ਕਰੀਏ। ਪੰਜਾਬੀ ਨਾਲ ਸੰਬੰਧਿਤ ਮਸਲੇ ਬਹੁਤਾਤ ਵਿਚ ਸਨ ਪਰ ਜਦੋਂ ਕੰਮ ਸ਼ੁਰੂ ਕੀਤਾ ਤਾਂ ਦੇਖਿਆ ਕਿ ਸਿਆਸੀ ਮਸਲੇ ਜ਼ਿਆਦਾ ਅਹਿਮੀਅਤ ਲੈ ਰਹੇ ਹਨ। ਉਸ ਪਾਸੇ ਜ਼ਿਆਦਾ ਧਿਆਨ ਲੋੜੀਂਦਾ ਸੀ। ਹੋਰ ਲੋਕ ਇਸ ਮਕਸਦ ਨਾਲ ਨਹੀਂ ਸਨ ਕੰਮ ਕਰ ਰਹੇ। ਇਹ ਸੋਚ ਕੇ ਅਸੀਂ ਲੋਕਾਂ ਨੇ ਕੌਮਪ੍ਰਸਤ ਤਨਜ਼ੀਮ ਬਣਾਉਣ ਦਾ ਨਿਸ਼ਚਾ ਕਰ ਲਿਆ। ਜਦੋਂ ਅਸੀਂ ਪੰਜਾਬੀ ਕੌਮਪ੍ਰਸਤੀ ਨਾਲ ਜੁੜ ਗਏ, ਸਾਡੇ ਸਾਹਮਣੇ ਬੇਅੰਤ ਮਸਲੇ ਸਨ। ਸਭ ਤੋਂ ਮੁੱਖ ਮਸਲਾ ਪੰਜਾਬੀ ਜ਼ਬਾਨ ਦਾ ਸੀ ਤੇ ਫਿਰ ਪੰਜਾਬ ਤੇ ਪੰਜਾਬੀ ਕੌਮ ਦੀ ਸ਼ਨਾਖ਼ਤ ਦਾ ਮਸਲਾ ਸੀ, ਪੰਜਾਬ ਨੂੰ ਹੋਰ ਵੰਡਣ ਦਾ ਮਸਲਾ ਸੀ, ਪੰਜਾਬੀ ਉੱਤੇ ਸਿੰਧ ਵਿਚ ਜਬਰ ਦਾ ਮਸਲਾ ਸੀ, ਤੇ ਪੰਜਾਬੀਆਂ ਨੂੰ ਪੰਜਾਬ ਦੇ ਕੋਟੇ ਦੇ ਹਿਸਾਬ ਨਾਲ ਸੈਂਟਰ ਦੀ ਫੈਡਰੇਸ਼ਨ ਦੇ ਅਦਾਰਿਆਂ ਵਿਚ ਨੁਮਾਇੰਦਗੀ ਨਹੀਂ ਸੀ ਮਿਲਦੀ, ਇਹ ਵੀ ਮਸਲਾ ਸੀ। ਇਹ ਸਾਰੇ ਵੱਡੇ ਵੱਡੇ ਮਸਲੇ ਸਨ। ਅਸੀਂ ਇਨ੍ਹਾਂ ਮਸਲਿਆਂ ਨੂੰ ਸਿਆਸੀ ਰੂਪ ਦਿੱਤਾ। ਅਸੀਂ ਪੰਜਾਬੀ ਨੈਸ਼ਨਲ ਮੂਵਮੈਂਟ ਨੂੰ ਸਿੰਧ ਤੋਂ ਚਲਾ ਕੇ ਪੰਜਾਬ ਤੱਕ ਲੈ ਗਏ। ਮੈਂ ਲਹੌਰ ਜਾ ਕੇ ਪ੍ਰੈਸ ਕਾਨਫ੍ਰੰਸਾਂ ਕਰਦਾ ਸਾਂ ਤੇ ਪੰਜਾਬ ਦੇ ਮਸਲਿਆਂ ਦੀ ਗੱਲ ਕਰਦਾ ਸਾਂ। ਅਸੀਂ ਇਹ ਲਹਿਰ ਨੈਸ਼ਨਲ ਪੱਧਰ ਤੱਕ ਸ਼ੁਰੂ ਕੀਤੀ। ਇਸ

ਤਰ੍ਹਾਂ ਨਜ਼ੀਰ ਕਹੂਟ ਦਾ ਨਾਂ ਲੋਕ ਸੇਵਾ ਦੇ ਨਾਂ ਨਾਲ ਜੁੜ ਗਿਆ। ਲੋਕ ਸਮਝਦੇ ਸਨ ਕੇ ਅਸੀਂ ਪੰਜਾਬ ਦੀ ਗੱਲ ਕਰਦੇ ਹਾਂ। ਅਸੀਂ ਲਗਾਤਾਰ ਚਾਰ ਪੰਜ ਸਾਲ ਕੰਮ ਕੀਤਾ। ਨਤੀਜਾ ਇਹ ਹੋਇਆ ਜਿਹੜਾ *'ਪੰਜ ਰੰਗ'* ਰਸਾਲਾ ਬੰਦ ਪਿਆ ਸੀ, ਉਹ ਦੁਬਾਰਾ ਚਾਲੂ ਕੀਤਾ ਗਿਆ। ਫਿਰ ਅਦਾਰਿਆਂ ਵਿਚ ਪੰਜਾਬੀ ਕਰਮਚਾਰੀ ਫੈਡਰੇਸ਼ਨ ਬਣਾਈ। ਉਨ੍ਹਾਂ ਨੂੰ ਕਾਰਜਸ਼ੀਲ ਕੀਤਾ। ਪੰਜਾਬ ਤੇ ਪੰਜਾਬੀਆਂ ਬਾਰੇ ਦੂਸਰੇ ਸੂਬਿਆਂ ਵਿਚ ਬੜੀਆਂ ਗਲਤ ਫ਼ਹਿਮੀਆਂ ਸਨ। ਅਸੀਂ ਇਕ ਪਰਚਾ ਕੱਢਿਆ `***ਦੀ ਜੀਨੀਅਸ*** `ਜੋ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਤਿੰਨਾਂ ਭਾਸ਼ਾਵਾਂ ਵਿਚ ਨਿਕਲਦਾ ਸੀ। ਇਸ ਪਰਚੇ ਦੇ ਸਾਰੇ ਸੈਕਸ਼ਨਾਂ ਵਿਚ ਪੰਜਾਬੀ ਤੇ ਪੰਜਾਬੀਆਂ ਦੀ ਗੱਲ ਹੁੰਦੀ ਸੀ। ਇਹ ਲਾਜਵਾਬ ਪਰਚਾ ਸੀ, ਜੋ ਇੰਟਰਨੈਸ਼ਨਲ ਪੱਧਰ ਦੇ ਉੱਚੇ ਮਿਆਰ ਦਾ ਪਰਚਾ ਸੀ। ਇਸ ਨਾਲ ਪੰਜਾਬੀ ਮਸਲਿਆਂ ਨੂੰ ਗਹਿਰਾਈ ਨਾਲ ਘੋਖਿਆ ਗਿਆ ਤੇ ਪੰਜਾਬੀ ਦੀ ਜ਼ੋਰਦਾਰ ਤਰੀਕੇ ਨਾਲ ਗੱਲ ਹੋਈ।

***ਪ੍ਰੀਤਮ ਸਿੰਘ ਕੈਂਬੋ:*** *ਹੁਣ ਤੁਸੀਂ ਇਹ ਦੱਸੋ ਕਿ ਪੰਜਾਬੀ ਜ਼ਬਾਨ ਦੀ ਪਾਕਿਸਤਾਨ ਵਿਚ ਮੌਜੂਦਾ ਹਾਲਤ ਕੀ ਹੈ? ਪੰਜਾਬੀ ਬੋਲੀ ਕਿਸ ਹੱਦ ਤੋਂ ਕਿਸ ਹੱਦ ਤੱਕ ਬੋਲੀ ਜਾਂਦੀ ਹੈ। ਕਿੰਨੀ ਕੁ ਗਿਣਤੀ ਦੇ ਸ਼ਹਿਰੀ ਪੰਜਾਬੀ ਬੋਲਦੇ ਹਨ ਤੇ ਪਿੰਡਾਂ ਵਿਚ ਪੰਜਾਬੀ ਦੀ ਕੀ ਸਥਿਤੀ ਹੈ?*

**ਨਜ਼ੀਰ ਕਹੂਟ:** ਇਸ ਵੇਲੇ ਲਹਿੰਦੇ ਪੰਜਾਬ ਦੀ ਆਬਾਦੀ ਅੱਠ ਕਰੋੜ ਦੇ ਨੇੜੇ-ਤੇੜੇ ਹੈ। ਸੱਤਰ ਫ਼ੀ ਸਦੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ। ਪਿੰਡਾਂ ਵਿਚ ਪੰਜਾਬੀ ਬੋਲੀ ਜਾਂਦੀ ਹੈ। ਟੀ.ਵੀ. ਕਰਕੇ ਥੋੜ੍ਹੀ ਬਹੁਤ ਤਬਦੀਲੀ ਹੋ ਰਹੀ ਹੈ।ਦੇਸ਼ ਵਿਚ ਉਰਦੂ ਮੀਡੀਅਮ ਹੈ। ਪੰਜਾਬ ਵਿਚ ਪੰਜਾਬੀ ਨਹੀਂ ਪੜ੍ਹਾਈ ਜਾਂਦੀ ਇਹਦੀ ਬਜਾਏ ਸਕੂਲਾਂ ਵਿਚ ਉਰਦੂ ਪੜ੍ਹਾਇਆ ਜਾਂਦਾ ਹੈ। ਇਹ ਬੁਨਿਆਦੀ ਮਸਲਾ ਹੈ। ਹਾਲਾਂਕਿ ਕਾਨੂੰਨ ਵਿਚ ਇਹ ਗੱਲ ਸ਼ਾਮਲ ਹੈ ਕਿ ਪੰਜਾਬੀ ਬਤੌਰ ਜ਼ਬਾਨ ਪੜ੍ਹਾਈ ਜਾ ਸਕਦੀ ਹੈ। ਪੰਜਾਬ ਅਸੈਂਬਲੀ ਦੇ ਮੈਂਬਰ ਹੀ ਨਹੀਂ ਚਾਹੁੰਦੇ, ਇਸ ਕਰਕੇ ਪੰਜਾਬੀ ਮੀਡੀਅਮ ਆਫ਼ ਇੰਸਟਰੱਕਸ਼ਨ ਨਹੀਂ ਬਣ ਰਹੀ। ਪੰਜਾਬੀ ਦਾਨਿਸ਼ਵਰਾਂ ਨੇ ਖ਼ਰਾਬ ਹਾਲਤਾਂ ਦੇ ਬਾਵਜੂਦ ਪੰਜਾਬੀ ਪ੍ਰਤੀ ਚੇਤਨਾ ਕਾਇਮ ਰੱਖੀ ਹੈ। ਨਿਰੰਤਰ ਪ੍ਰਕਾਸ਼ਨਾਂ ਕਰਦੇ ਰਹੇ ਹਨ। ਜਿਸ ਦਾ ਅਸਰ ਇਹ ਹੋਇਆ ਕਿ ਪੰਜਾਬੀ, ਪੰਜਾਬੀਆਂ ਦੀ ਨਵੀਂ ਨਸਲ ਦੇ ਹੱਥਾਂ ਵਿਚ ਸੰਭਾਲੀ ਗਈ ਹੈ। ਕਾਫੀ ਦਾਨਿਸ਼ਵਰ ਚੰਗਾ ਕੰਮ ਕਰ ਰਹੇ ਹਨ। ਇਹ ਜਿਹੜੀ ਲਹਿਰ ਪੁਰਾਤਨ ਨਸਲ ਤੋਂ ਨਵੀਂ ਨਸਲ ਵਿਚ ਆਈ ਹੈ, ਇਹ ਵੱਧ ਰਹੀ ਹੈ। ਹੁਣ ਜਾਣਕਾਰੀ ਵਧ ਰਹੀ ਹੈ। ਪੰਜਾਬੀਆਂ ਦੇ ਮਨਾਂ ਵਿਚ ਇਹ ਸੋਚ ਉੱਤਰ ਪਈ ਹੈ ਕਿ ਅਸੀਂ ਤਾਂ ਪਾਕਿਸਤਾਨ ਲਈ ਕੁਰਬਾਨੀ ਕਰਦੇ ਰਹੇ ਹਾਂ, ਪਰ ਪੰਜਾਬ ਦੇ ਹਿੱਤਾਂ ਲਈ ਕੁਝ ਨਹੀਂ ਹੋ ਰਿਹਾ। ਇਕ ਤਾਂ ਸਿਆਸੀ ਨਾਇਨਸਾਫ਼ੀ ਪੰਜਾਬੀ ਜ਼ਬਾਨ ਦੇ ਹਵਾਲੇ ਨਾਲ ਹੈ। ਪੰਜਾਬੀ ਜ਼ਬਾਨ ਸੰਬੰਧੀ ਜਿਹੜਾ ਕਲਮਕਾਰਾਂ ਦਾ ਕੰਮ ਸਾਹਮਣੇ ਆਇਆ ਹੈ ਉਹਨੂੰ ਮੱਦੇ-ਨਜ਼ਰ ਰੱਖ ਕੇ ਪੰਜਾਬੀ ਦੀ ਗੱਲ ਖਿੱਲਰ ਰਹੀ ਹੈ। ਮੈਂ ਆਸ਼ਾਵਾਦੀ ਹਾਂ। ਪੰਜਾਬੀ ਦੀ ਗੱਲ ਹੋਰ ਬਿਹਤਰ ਹੋਵੇਗੀ ਤੇ ਪੰਜਾਬੀ ਖ਼ਤਮ ਨਹੀਂ ਹੋ ਸਕਦੀ। ਸ਼ਹਿਰਾਂ ਵਿਚ ਪੰਜਾਬੀ ਉਰਦੂ ਨਾਲ ਪ੍ਰਭਾਵਿਤ ਹੋਈ ਹੈ। ਇਥੇ ਹਾਲਤ ਬਦਲੀ ਹੈ। ਲੇਕਿਨ ਸਮੁੱਚਾ ਢਾਂਚਾ ਲੱਗਭਗ ਉਹੀ ਹੈ। ਪੰਜਾਬ ਸੂਬੇ ਵਿਚ ਸਾਢੇ ਅੱਠ ਕਰੋੜ ਪੰਜਾਬੀ ਹਨ। ਸਿੰਧ ਵਿਚ ਪੰਜਾਹ ਲੱਖ ਪੰਜਾਬੀ ਹਨ। ਸੂਬਾ ਸਰਹੱਦ ਤੇ ਪਿਸ਼ਾਵਰ ਵਿਚ ਹਿੰਦਕੋ ਪੰਜਾਬੀ ਬੋਲੀ ਦੀ ਹੀ ਡਾਇਲੈਕਟਸ ਬੋਲਣ ਵਾਲੇ ਹਨ। ਸੂਬਾ ਸਰਹੱਦ ਦੀ ਪੰਜਾਹ ਫ਼ੀ ਸਦੀ ਆਬਾਦੀ ਪੰਜਾਬੀ ਬੋਲਦੀ ਤੇ ਸਮਝਦੀ ਹੈ। ਬਲੋਚਿਸਤਾਨ ਵਿਚ ਵੀ ਪੰਜਾਹ ਫ਼ੀ ਸਦੀ ਆਬਾਦਕਾਰ ਪੰਜਾਬੀ ਬੋਲੀ ਸਮਝਦੇ ਹਨ।

***ਪ੍ਰੀਤਮ ਸਿੰਘ ਕੈਂਬੋ:*** *ਤੁਹਾਡੇ ਦਿੱਤੇ ਅੰਕੜਿਆਂ ਤੇ ਜਾਣਕਾਰੀ ਤੋਂ ਪ੍ਰਗਟ ਹੁੰਦਾ ਹੈ ਕਿ ਪਾਕਿਸਤਾਨ ਵਿਚ ਪੰਜਾਬੀ ਦੀ ਅਹਿਮੀਅਤ ਕਾਫੀ ਹੈ। ਖਾਸ ਕਰਕੇ ਬੋਲਣ ਵਾਲਿਆ ਦੀ ਗਿਣਤੀ ਕਾਫੀ ਉਤਸ਼ਾਹਜਨਕ ਹੈ ਤੇ ਜਿਹੜੀ ਮੁਹਿੰਮ ਵਿੱਢੀ ਗਈ ਹੈ, ਇਸ ਨਾਲ ਕਾਫੀ ਚੇਤਨਾ ਪਸਰੀ ਲਗਦੀ ਹੈ। ਹੁਣ ਇਹ ਦੱਸੋ ਕਿ ਇਨ੍ਹਾਂ ਗੱਲਾਂ ਦਾ ਟੀ. ਵੀ ਤੇ ਕੀ ਪ੍ਰਭਾਵ ਪੈ ਰਿਹਾ ਹੈ। ਉਪਰੋਕਤ ਤਸਵੀਰ ਦਾ ਝਲਕਾਰਾ ਮੀਡੀਏ ਰਾਹੀਂ ਕਿੰਨਾ ਕੁ ਝਲਕਦਾ ਹੈ?*

**ਨਜ਼ੀਰ ਕਹੂਟ:** ਇਥੇ ਬੜਾ ਹਨੇਰ ਹੋ ਰਿਹਾ ਹੈ। ਪੰਜਾਬੀ ਇਥੇ ਸੱਤਰ-ਪਝੱਤਰ ਫੀ ਸਦੀ ਤੋਂ ਵੀ ਵੱਧ ਲੋਕਾਂ ਦੀ ਬੋਲਣ ਵਾਲੀ ਜ਼ਬਾਨ ਹੈ। ਜੇ ਪੰਜਾਬ ਵਿਚ ਪੰਜਾਬੀ ਬੋਲੀ ਨੂੰ ਮੀਡੀਅਮ ਆਫ਼ ਇੰਸਟਰੱਕਸ਼ਨ ਬਣਾ ਦਿੱਤਾ ਜਾਂਦਾ ਹੈ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪਾਕਿਸਤਾਨ ਦੀ ਰਾਸ਼ਟਰੀ ਜ਼ਬਾਨ ਹੋ ਸਕਦੀ ਸੀ। ਅਸੂਲ ਤਾਂ ਇਹੀ ਹੀ ਹੈ ਕਿ ਜਿਹੜੀ ਜ਼ਬਾਨ ਲੋਕਾਂ ਦੁਆਰਾ ਜ਼ਿਆਦਾ ਬੋਲੀ ਜਾਂਦੀ ਹੋਵੇ ਉਹੀ ਮੁਲਕ ਦੀ ਕੌਮੀ ਜ਼ਬਾਨ ਬਣਵਾਈ ਜਾਂਦੀ ਹੈ। ਪਰ ਇਥੇ ਜ਼ਬਾਨ ਬਾਹਰੋਂ ਲਿਆ ਕੇ ਲੋਕਾਂ ਉੱਪਰ ਥੱਪ ਦਿੱਤੀ ਗਈ ਹੈ। ਬਹੁ-ਗਿਣਤੀ ਭਾਸ਼ਾ ਬੋਲਣ ਵਾਲਿਆਂ ਨੂੰ ਉਲਟਾ ਇਹ ਕਿਹਾ ਗਿਆ ਹੈ ਕਿ ਤੁਸੀਂ ਆਪਣੀ ਜ਼ਬਾਨ ਛੱਡ ਕੇ ਇਸ ਉਰਦੂ ਜ਼ਬਾਨ ਨੂੰ ਅਪਣਾਓ। ਹਵਾਲਾ ਦਿੰਦੇ ਹਨ ਕਿ ਪੰਜਾਬੀਆਂ ਨੇ ਉਰਦੂ ਦੀ ਬਹੁਤ ਹੀ ਸੇਵਾ ਕੀਤੀ ਹੈ ਇਸ ਲਈ ਪੰਜਾਬੀਆਂ ਨੂੰ ਉਰਦੂ ਦੇ ਠੇਕੇਦਾਰ ਬਣਾ ਕੇ ਉਰਦੂ ਨੂੰ ਪੂਰੇ ਮੁਲਕ 'ਤੇ ਠੋਸ ਦਿੱਤਾ ਗਿਆ ਹੈ। ਹਾਲਾਂ ਕਿ ਪੂਰੇ ਪਾਕਿਸਤਾਨ ਵਿਚ ਉਰਦੂ ਪੰਜ ਫੀ ਸਦੀ ਲੋਕਾਂ ਦੀ ਜ਼ਬਾਨ ਹੈ ਜੋ ਭਾਰਤ ਤੋਂ ਆਏ ਹਨ। ਭਾਰਤ ਤੋਂ ਆਏ ਉਰਦੂ ਬੋਲਣ ਵਾਲੇ ਕਰੋੜਾਂਪਤੀ ਹਨ। ਇਹ ਉਰਦੂ ਬੋਲਣ ਵਾਲੇ ਸੌ ਫੀ ਸਦੀ ਪੜ੍ਹੇ ਲਿਖੇ ਹਨ। ਇਨ੍ਹਾਂ ਪੰਜ ਫੀ ਸਦੀ ਲੋਕਾਂ ਦੀ ਜ਼ਬਾਨ ਇਲਾਕਾਈ ਹੋਣੀ ਚਾਹੀਦੀ ਸੀ ਪਰ ਬਣ ਗਈ ਹੈ ਕੌਮੀ ਜ਼ਬਾਨ ਅਤੇ ਜਿਹੜੀ ਬਹੁ-ਗਿਣਤੀ ਲੋਕਾਂ ਦੀ ਜ਼ਬਾਨ ਪੰਜਾਬੀ ਕੌਮੀ ਜ਼ਬਾਨ ਹੋਣੀ ਚਾਹੀਦੀ ਸੀ ਉਹ ਬਣ ਗਈ ਹੈ ਇਲਾਕਾਈ ਜ਼ਬਾਨ। ਪੰਜਾਬੀ ਜ਼ਬਾਨ ਨੂੰ ਸਰਕਾਰੀ ਸਰਪ੍ਰਸਤੀ ਨਹੀਂ ਮਿਲੀ। ***ਸੱਜਣ*** ਅਖ਼ਬਾਰ ਬੰਦ ਹੋ ਗਿਆ ਹੈ। ***ਲਹਿਰਾਂ*** (ਮਾਸਿਕ) ਛਪਦਾ ਹੈ। ***ਸਵੇਰਾ*** ਛਪਦਾ ਹੈ। ***ਰਵੇਲ*** ਤੇ ਸਾਲਾਨਾ ***ਸਾਹਿਤ*** ਛਪਦਾ ਹੈ। ***ਤ੍ਰਿਮਾਹੀ*** ਬਹਾਵਲਪੁਰ ਤੋਂ ਛਪਦਾ ਹੈ। ***ਪੰਜਾਬੀ***

***ਅਦਬ*** ਪਾਕਿਸਤਾਨੀ ਅਦਬੀ ਬੋਰਡ ਦਾ ਮਿਆਰੀ ਪਰਚਾ ਹੇ, ਜੋ ਛਪਦਾ ਹੈ। ਪੰਜਾਬੀ ਪਰਚੇ ਛਪਦੇ ਅਤੇ ਬੰਦ ਹੁੰਦੇ ਰਹਿੰਦੇ ਹਨ। ਇਹ ਸਭ ਨਿੱਜੀ ਕੋਸ਼ਿਸ਼ਾਂ ਦੇ ਸਦਕੇ ਹੀ ਚਲਦੇ ਹਨ। ਸੱਤਰ ਫੀ ਸਦੀ ਲੋਕਾਂ ਦੀ ਜ਼ਬਾਨ ਪੰਜਾਬੀ ਨੂੰ ਰੇਡੀਓ ਅਤੇ ਟੀ. ਵੀ. 'ਤੇ ਕੋਈ ਖਾਸ ਜਗ੍ਹਾ ਨਹੀਂ ਮਿਲਦੀ। 35 ਮਿੰਟ ਦਾ ਲਾਹੌਰ ਟੀ. ਵੀ. 'ਤੇ ***'ਪੰਚਨਦ'*** ਨਾਂ ਦਾ ਇਕ ਪ੍ਰੋਗਰਾਮ ਹੁੰਦਾ ਹੈ। ਰੇਡੀਓ 'ਤੇ ਪੰਜਾਬੀ ਗੀਤ ਬਹੁਤ ਪਾਪੂਲਰ ਹਨ। ਸੁਲਤਾਨ ਰਾਹੀ ਨੇ ਸਮਾਜੀ ਤੇ ਸਿਆਸੀ ਚੇਤਨਾ ਪੈਦਾ ਕੀਤੀ ਹੈ। ਇਹਦਾ ਅਸਰ ਸਿੰਧ 'ਤੇ ਵੀ ਪਿਆ ਹੈ। ਸੁਲਤਾਨ ਰਾਹੀ ਜਗੀਰਦਾਰੀ ਦੇ ਖ਼ਿਲਾਫ ਭੁਗਤਦਾ ਹੈ। ਪੰਜਾਬੀ ਫਿਲਮਾਂ ਪੰਜਾਬੀ ਤੇ ਗੈਰ ਪੰਜਾਬੀਆ 'ਤੇ ਅਸਰਅੰਦਾਜ਼ ਹਨ। ਇਸ ਸਾਰੀ ਚੇਤਨਾ ਵਿਚ ਸਰਕਾਰ ਦਾ ਕੋਈ ਵੀ ਯੋਗਦਾਨ ਨਹੀਂ ਹੈ। ਇਹ ਸਾਰਾ ਪੰਜਾਬੀ ਜ਼ਬਾਨ ਵਿਚ ਮਿਠਾਸ ਤੇ ਤਾਕਤ ਦਾ ਪ੍ਰਭਾਵ ਹੈ। ਸਰਕਾਰ ਪੰਜਾਬੀ ਅਖ਼ਬਾਰ ਲਈ ਕੋਈ ਇਸ਼ਤਿਹਾਰ ਨਹੀਂ ਦਿੰਦੀ, ਦਰਅਸਲ ਸਰਪ੍ਰਸਤੀ ਵੀ ਨਹੀਂ ਹੈ। ਇਨ੍ਹਾਂ ਗੱਲਾਂ ਕਰਕੇ ਪੰਜਾਬੀ ਜ਼ਬਾਨ ਪੱਛੜ ਗਈ ਹੈ। ਲੋਕਾਂ ਦੇ ਵਿਚ ਦਿਲਚਸਪੀ ਨਹੀਂ ਹੈ। ਜੋ ਪੰਜਾਬੀ ਦੀ ਗੱਲ ਕਰਦਾ ਹੈ, ਉਸ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਉਹ ਜਾਂ ਤਾਂ ਕਾਫ਼ਰ ਹੈ ਤੇ ਜਾਂ ਹਿੰਦੁਸਤਾਨ ਤੇ ਸਿੱਖਾਂ ਦਾ ਏਜੰਟ ਹੈ ਤੇ ਮੁਲਕ ਨੂੰ ਤੋੜਨਾ ਚਾਹੁੰਦਾ ਹੈ। ਉਹਨੂੰ ਗ਼ੱਦਾਰ ਦਾ ਫ਼ਤਵਾ ਦਿੱਤਾ ਜਾਂਦਾ ਹੈ।

***ਪ੍ਰੀਤਮ ਸਿੰਘ ਕੈਂਬੋ:*** *ਤੁਸੀਂ ਦੱਸਿਆ ਹੈ ਕਿ ਪੰਜਾਬੀ ਫਿਲਮਾਂ ਲਹਿੰਦੇ ਪੰਜਾਬ ਵਿਚ ਕਾਫੀ ਪਾਪੂਲਰ ਹਨ ਤੇ ਆਮ ਲੋਕ ਵੀ ਪੰਜਾਬ ਵਿਚ ਪੰਜਾਬੀ ਬੋਲਣ ਵਾਲੇ ਹਨ, ਦੂਜੇ ਸੂਬਿਆਂ ਵਿਚ ਵੀ ਪੰਜਾਬੀ ਬੋਲੀ ਜਾਂਦੀ ਹੈ, ਫਿਰ ਕੀ ਕਾਰਨ ਹੈ ਕਿ ਪੰਜਾਬੀ ਜ਼ਬਾਨ ਦੱਬੀ ਹੋਈ ਹੈ। ਕੀ ਇਹ ਅਗਿਆਨਤਾ ਦਾ ਕਾਰਨ ਹੈ ਜਾਂ ਫਿਰ ਸਰਕਾਰੀ ਭੈ ਹੈ?*

**ਨਜ਼ੀਰ ਕਹੂਟ:** ਇਕ ਤਾਂ ਇਹ ਹੈ ਕਿ ਲਹਿੰਦੇ ਪੰਜਾਬ ਵਿਚ ਪਾਕਿਸਤਾਨ ਬਣਨ ਤੋਂ ਬਾਅਦ ਜ਼ਬਾਨ ਦੇ ਹਵਾਲੇ ਨਾਲ ਜਿੰਨਾ ਵੀ ਕੰਮ ਹੋਇਆ ਹੈ, ਉਹ ਉਰਦੂ ਦੇ ਸੰਬੰਧ ਵਿਚ ਹੋਇਆ ਹੈ। ਪੰਜਾਬੀਆਂ ਨੂੰ ਪਹਿਲੇ ਹੀ ਦਿਹਾੜੇ ਇਹ ਦੱਸਿਆ ਗਿਆ ਹੈ ਕਿ ਤੁਹਾਡੀ ਜ਼ਬਾਨ ਉਰਦੂ ਹੈ।ਤੁਸੀਂ ਮੁਸਲਮਾਨ ਹੋ ਤੇ ਉਰਦੂ ਨੂੰ ਪੜ੍ਹੋ, ਲਿਖੋ ਤੇ ਇਹੋ ਤੁਹਾਡੀ ਜ਼ਬਾਨ ਹੈ।ਪੰਜਾਬੀ ਦੀ ਗੱਲ ਨਾ ਕਰੋ, ਇਹ ਕਰੋਗੇ ਤਾਂ ਇਹ ਸਿੱਖਾਂ ਦੀ ਗੱਲ ਹੋਵੇਗੀ। ਜਦੋਂ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਪੰਜਾਬ 'ਤੇ ਕਬਜ਼ਾ ਕੀਤਾ, ਉਸ ਵੇਲੇ ਹਿੰਦੁਸਤਾਨ ਦੇ ਬਾਕੀ ਸਾਰੇ ਸੂਬਿਆਂ ਵਿਚ ਸੂਬਾਈ ਜ਼ਬਾਨਾਂ ਲਾਈਆਂ ਗਈਆਂ ਪਰ ਪੰਜਾਬ ਵਿਚ ਇਨ੍ਹਾਂ ਨੇ ਉਰਦੂ ਲਗਾ ਦਿੱਤਾ। ਹਾਲਾਂ ਕਿ ਮੈਨੂੰ ਯਾਦ ਹੈ ਪਾਰਟੀਸ਼ਨ ਤੋਂ ਪਹਿਲਾਂ ਸਰ ਛੋਟੂ ਰਾਮ ਨੇ ਬਿਲ ਪੇਸ਼ ਕੀਤਾ ਕਿ ਪੰਜਾਬ ਵਿਚ ਪੰਜਾਬੀ ਜ਼ਬਾਨ ਲਗਾਓ।ਉਥੇ ਇਲਾਮਾ ਇਕਬਾਲ ਤੇ ਹੋਰਾਂ ਨੇ ਇਹਦੀ ਮੁਖ਼ਾਲਫ਼ਤ ਕੀਤੀ ਜਦੋਂ ਕਿ ਇਲਾਮਾ ਇਕਬਾਲ ਦੀ ਆਪਣੀ ਜ਼ਬਾਨ ਵੀ ਪੰਜਾਬੀ ਸੀ।ਇਹੋ ਜਿਹੇ ਲੋਕ ਪੰਜਾਬੀ ਦੀਆਂ ਜੜ੍ਹਾਂ ਵਿਚ ਬੈਠ ਗਏ। ਜਦੋਂ ਕਿਸੇ ਦੀ ਮੱਤ ਹੀ ਮਾਰੀ ਜਾਏ ਤਾਂ ਉਹਦਾ ਤਾਂ ਕੋਈ ਇਲਾਜ ਨਹੀਂ। ਮੁਗਲਾਂ ਵੇਲੇ ਫਾਰਸੀ ਜ਼ਬਾਨ ਸੀ ਤੇ ਅੰਗਰੇਜ਼ਾਂ ਨੇ ਉਰਦੂ ਨੂੰ ਲਗਾ ਦਿੱਤਾ।ਪੰਜਾਬ ਆਪਣੀਆਂ ਜੜ੍ਹਾਂ ਕੋਲੋਂ ਦੂਰ ਹੋ ਗਿਆ। ਪੰਜਾਬੀ ਦੀ ਇਹ ਹਾਲਤ ਹੋ ਗਈ ਕਿ 'ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ।' ਪੰਜਾਬੀਆਂ ਨੇ ਉਰਦੂ ਦੀ ਖ਼ਿਦਮਤ ਕੀਤੀ ਹੈ, ਪਰ ਇਸ ਸਭ ਕਾਸੇ ਦੀ ਪੰਜਾਬੀਆਂ ਨੂੰ ਬਦਨਾਮੀ ਜਾਵੇਗੀ। ਜਦੋਂ ਕਦੇ ਵੀ ਇਤਿਹਾਸ ਲਿਖਿਆ ਗਿਆ ਤੇ ਪੰਜਾਬੀ ਜ਼ਬਾਨ ਨੇ ਵਿਕਾਸ ਕੀਤਾ ਤਾਂ ਸ਼ਰਮਸਾਰ ਹੋਣਾ ਪਵੇਗਾ।ਸਾਡੇ ਵਡਿੱਕੇ ਗਲਤ ਕੰਮ ਕਰਦੇ ਰਹੇ ਹਨ। ਇਹ ਆਪਣੀ ਜ਼ਬਾਨ ਨੂੰ ਛੱਡ ਕੇ ਦੂਜਿਆਂ ਦੀ ਜ਼ਬਾਨ ਨੂੰ ਤਰਜੀਹ ਦਿੰਦੇ ਰਹੇ ਹਨ ਤੇ ਸਗੋਂ ਉਲਟਾ ਮੁਖ਼ਾਲਫ਼ਤ ਕਰਦੇ ਹਨ।ਨਾ ਤਾਂ ਸਿੰਧੀ ਹੀ ਉਰਦੂ ਪੜ੍ਹਨਾ ਚਾਹੁੰਦਾ ਹੈ ਨਾ ਬਲੋਚੀ ਤੇ ਨਾ ਹੀ ਪਠਾਣ ਸਿਰਫ਼ ਪੰਜਾਬੀ ਚਾਹੁੰਦੇ ਹਨ।ਏਸ ਨੂੰ ਮਜ਼ਹਬ ਦੇ ਨਾਲ ਨੱਥੀ ਕਰ ਦਿੱਤਾ ਗਿਆ ਹੈ। ਗੌਰਮਿੰਟ, ਮਜ਼ਬੀ ਜਮਾਤਾਂ, ਮੁੱਲਾਂ, ਆਗੂ, ਲੀਡਰ, ਪੰਜਾਬ ਦੇ ਬੁੱਧੀਜੀਵੀ ਆਦਿ ਸਾਰੇ ਫੈਕਟਰ ਹਨ, ਜੋ ਪੰਜਾਬੀ ਦੀਆਂ ਜੜ੍ਹਾਂ ਵੱਢ ਰਹੇ ਹਨ। ਮੀਡੀਅਮ ਆਫ਼ ਇੰਸਟਰੱਕਸ਼ਨ ਪੰਜਾਬੀ ਨਾ ਹੋਣ ਕਰਕੇ ਪੰਜਾਬੀ ਵੱਲ ਨੂੰ ਝੁਕਾਅ ਨਹੀਂ ਪੈਦਾ ਹੋ ਰਿਹਾ। ਲੋਕ ਨਿੱਜੀ ਤੌਰ 'ਤੇ ਕੰਮ ਕਰ ਰਹੇ ਹਨ। ਮੇਰੇ ਖਿਆਲ ਵਿਚ ਇਸ ਸੰਬੰਧੀ ਸਿਆਸੀ ਲਹਿਰ ਚੱਲਣੀ ਚਾਹੀਦੀ ਹੈ।

***ਪ੍ਰੀਤਮ ਸਿੰਘ ਕੈਂਬੋ:*** *ਤੁਸੀਂ ਸਰਾਇਕੀ ਦਾ ਮਸਲਾ ਵੀ ਲਿਆ ਹੈ। ਇਹ ਮੁਲਤਾਨ ਵਿਚ ਬੋਲੀ ਜਾਂਦੀ ਹੈ। ਇਸ ਵਿਚ ਬਾਬਾ ਫਰੀਦ ਜੀ ਦੀ ਬਾਣੀ ਲਿਖੀ ਗਈ ਹੈ, ਜੋ ਮਿੱਠੀ ਪੰਜਾਬੀ ਵਿਚ ਹੈ। ਇਸ ਨੂੰ ਸਰਾਇਕੀ ਭਾਸ਼ਾ ਵਿਚ ਕਿੱਦਾਂ ਜੋੜਿਆ ਜਾ ਰਿਹਾ ਹੈ। ਸਰਾਇਕੀ ਅੰਦੋਲਨ ਕੀ ਹੈ ਤੇ ਕਦੋਂ ਸ਼ੁਰੂ ਹੋਇਆ? ਇਹਦਾ ਕੀ ਅਰਥ ਹੈ? ਇਹਦੇ ਪਿੱਛੇ ਕਿਸ ਦਾ ਹੱਥ ਹੈ? ਕੀ ਇਹ ਪੰਜਾਬੀ ਨੂੰ ਨੀਵਾਂ ਦਿਖਾਉਣ ਦੇ ਤੁੱਲ ਨਹੀਂ ਹੈ?*

**ਨਜ਼ੀਰ ਕਹੂਟ:** ਮੁੱਢਲੀ ਗੱਲ ਇਹ ਹੈ ਕਿ ਪੰਜਾਬੀ ਜ਼ਬਾਨ, ਕਲਚਰ ਤੇ ਸੂਬਾ ਇਹ ਅਸਲੀ ਹੈ। ਪੰਜਾਬ ਸ਼ਕਤੀਸ਼ਾਲੀ ਸੂਬਾ ਹੈ। ਬਹੁਤੇ ਲੋਕਾਂ ਨੂੰ ਆਪਣੇ ਮੁਫ਼ਾਦ ਖ਼ਤਰੇ 'ਚ ਨਜ਼ਰ ਆਉਂਦੇ ਹਨ। ਸਰਾਇਕੀ ਦੇ ਮਾਮਲੇ ਵਿਚ ਮੇਰਾ ਖ਼ਿਆਲ ਹੈ ਕਿ ਇਹ ਕੋਈ ਮਸਲਾ ਨਹੀਂ ਹੈ ਤੇ ਨਾ ਹੀ ਸਰਾਇਕੀ ਕੋਈ ਭਾਸ਼ਾ ਹੈ ਤੇ ਨਾ ਹੀ ਸਰਾਇਕੀ ਕੋਈ ਨਸਲ ਹੈ। ਇਹ ਬਣਾਉਟੀ ਕਹਾਣੀ ਘੜੀ ਗਈ ਹੈ। ਲੋਕਾਂ ਨੂੰ ਗੁੰਮਰਾਹ ਕੀਤਾ ਗਿਆ ਹੈ ਤੇ ਤਅੱਸਬ ਨਾਲ ਭਰ ਦਿੱਤਾ ਗਿਆ ਹੈ। ਇਹ ਪੰਜਾਬ ਤੇ ਪੰਜਾਬੀ ਦੇ ਖ਼ਿਲਾਫ਼ ਘਿਨੌਣੀ ਸਾਜ਼ਿਸ਼ ਹੈ। ਇਸ ਦੇ ਪਿੱਛੇ ਪੰਜਾਬ ਨੂੰ ਵੱਢ-ਟੁੱਕ ਕੇ ਖ਼ਤਮ ਕਰ ਦੇਣ ਦੀ ਚਾਲ ਹੈ। ਇਸ ਲਈ ਸਰਾਇਕੀ ਦਾ ਚੱਕਰ ਚਲਾਇਆ ਗਿਆ ਹੈ। ਰਾਵਲਪਿੰਡੀ ਪੋਠੋਹਾਰੀ ਆਦਿ ਭਾਸ਼ਾਵਾਂ ਦਾ ਰੌਲਾ ਪਾਇਆ ਗਿਆ ਹੈ। ਭਾਵ ਕੇ ਪੰਜਾਬ ਨੂੰ ਉਪਰੋਕਤ ਜ਼ਬਾਨਾਂ ਦੇ ਚੱਕਰ ਰਾਹੀਂ ਖ਼ਤਮ ਕਰ ਦਿੱਤਾ ਜਾਵੇ। ਸਰਾਇਕੀ ਦਾ 1962 ਤੋਂ ਪਹਿਲਾਂ ਕੋਈ ਨਾਂ ਨਿਸ਼ਾਨ ਵੀ ਨਹੀ ਸੀ। ਅਯੂਬ ਖਾਂ ਦਾ ਸੈਕਟਰੀ ਸੀ ਕੁਦਰਤ ਅੱਲਾ ਹਾਸ਼ਾਬ, ਉਸਨੇ ਪਹਿਲੀ ਦਫ਼ਾ ਕਾਨਫਰੰਸ ਬੁਲਾ ਕੇ ਇਹ ਸ਼ੋਸ਼ਾ ਛੱਡਿਆ ਸੀ ਕਿ ਇਹ ਸਰਾਇਕੀ ਜ਼ਬਾਨ ਤੇ ਕਲਚਰ ਹੈ। ਇਹਦੇ ਲਈ ਜਥੇਬੰਦੀ ਬਣਾਈ

ਗਈ। ਸਰਾਇਕੀ ਸਿੰਧੀ ਜ਼ਬਾਨ ਦਾ ਸ਼ਬਦ ਹੈ ਜਿਹਦਾ ਭਾਵ ਹੈ ਦੱਖਣ ਦਾ ਬੰਦਾ ਹੈ। ਸਰਾਇਕੀ ਉਹ ਜ਼ਬਾਨ ਸੀ, ਜੋ ਆਪਣੇ ਲੋਕਾ ਤੋਂ ਖੁਫ਼ੀਆ ਰੱਖ ਕੇ ਗੱਲ ਕਰਨ ਦਾ ਜ਼ਰੀਆ ਸੀ। ਪਿੱਛੋਂ ਇਹ ਬਲੋਚਿਸਤਾਨ ਤੋਂ ਆਈ ਸੀ ਤੇ ਉੱਥੇ ਦੀ ਹੋ ਕੇ ਰਹਿ ਗਈ। ਪਾਕਿਸਤਾਨ ਦੇ ਸੂਬੇ 'ਚ ਸਰਾਇਕੀ ਜ਼ਬਾਨ ਨਹੀਂ ਹੈ। ਜ਼ਬਾਨ ਦੇ ਇਹ ਲਹਿਜ਼ੇ ਹਨ ਜਿਸ ਤਰ੍ਹਾਂ ਮਾਝੀ, ਦੁਆਬੀ, ਡੇਰਵੀ, ਜਾਂਗਲੀ। ਬਹਾਵਲਪੁਰ ਦੀ ਰਿਆਸਤੀ, ਮੁਲਤਾਨ ਦੀ ਮੁਲਤਾਨੀ ਤੇ ਡੇਰਾ ਇਸਮਾਇਲ ਖਾਂ ਦੀ ਡੇਰਵੀ। ਇਨ੍ਹਾਂ ਨੂੰ ਇਕੱਠਾ ਕਰਕੇ ਨਾਂ ਦੇ ਦਿੱਤਾ ਹੈ- ਸਰਾਇਕੀ। ਇਸ ਦਾ ਸਰਪ੍ਰਸਤ ਅਲੰਬਰਦਾਰ ਬਲੋਚਿਸਤਾਨ ਤੋਂ ਪੰਜਾਬ 'ਚ ਆਬਾਦ ਹੋਣ ਵਾਲਾ ਬਲੋਚ ਬਣਿਆ। ਮੈਂ ਇਸ ਗੱਲ ਨੂੰ ਚੈਲੰਜ ਕੀਤਾ ਕੇ **ਰਿਗਵੇਦ** ਵਿਚ ਸਰਾਇਕੀ ਕਬੀਲੇ ਦਾ ਜ਼ਿਕਰ ਹੈ। ਇਸ ਇਲਾਕੇ ਦੇ ਜਗੀਰਦਾਰਾਂ ਨੇ ਆਪਣਾ ਕਾਬੂ ਰੱਖਣ ਲਈ ਮਸਲੇ ਨੂੰ ਰਾਜਨੀਤਕ ਰੰਗਣ ਦਿੱਤੀ। ਇਸ ਮਸਲੇ ਵਿਚ ਕੋਈ ਜਾਨ ਨਹੀਂ ਹੈ। ਇਹ ਲੋਕ ਖ਼ਵਾਜਾ ਗੁਲਾਮ ਫ਼ਰੀਦ ਤੇ ਬਾਬਾ ਫ਼ਰੀਦ ਦੇ ਕਲਾਮ ਨੂੰ ਸਰਾਇਕੀ ਕਹਿੰਦੇ ਹਨ। ਪਰੰਤੂ ਇਹ ਦੋਨੋਂ ਸ਼ਾਇਰ ਪੰਜਾਬੀ ਦੇ ਸ਼ਾਇਰ ਹਨ। ਦੀਵਾਨ ਸ਼ਫ਼ਕਤ ਅਲੀ ਮਿਰਜ਼ਾ ਨੇ ਪੂਰਨ ਖੋਜ ਨਾਲ ਸਾਬਤ ਕੀਤਾ ਹੈ ਕਿ ਖ਼ਵਾਜਾ ਫ਼ਰੀਦ ਦੇ ਕਲਾਮ ਵਿਚ ਰੱਦੋ-ਬਦਲ ਕੀਤਾ ਗਿਆ ਹੈ। ਪਹਿਲਾਂ ਖ਼ਵਾਜਾ ਫ਼ਰੀਦ ਦੀ ਕਿਤਾਬ ਲਖਨਊ ਵਿਚ ਛਪੀ ਹੈ। ਆਸਿਫ਼ ਖਾਂ ਦੀ ਕਿਤਾਬ ਤੋਂ ਵੀ ਇਹੋ ਹੀ ਸਾਬਤ ਹੁੰਦਾ ਹੈ ਕਿ ਇਹ ਉਪਰੋਕਤ ਦੋਨੋਂ ਸ਼ਾਇਰ ਪੰਜਾਬੀ ਦੇ ਹਨ। ਇਹ ਪੰਜਾਬੀ ਕੋਲੋਂ ਦੋ ਵੱਡੇ ਸ਼ਾਇਰਾਂ ਨੂੰ ਖੋਹਣ ਤੇ ਇਨ੍ਹਾਂ ਦੀ ਸੂਰਤ ਨੂੰ ਵਿਗਾੜਨ ਦਾ ਯਤਨ ਹੈ।

***ਪ੍ਰੀਤਮ ਸਿੰਘ ਕੈਂਬੋ:*** *ਸਰਾਇਕੀ ਲਹਿਰ ਬਾਰੇ ਤੇ ਇਸ ਦੇ ਪਿਛੋਕੜ ਬਾਰੇ ਤੁਸੀਂ ਖੁੱਲ੍ਹ ਕੇ ਬਿਆਨ ਕੀਤਾ ਹੈ। ਐਸ ਵੇਲੇ ਇਹ ਲਹਿਰ ਕਿਨ੍ਹਾਂ ਲਾਈਨਾਂ 'ਤੇ ਚੱਲ ਰਹੀ ਹੈ। ਇਹਦੀ ਮੌਜੂਦਾ ਪੁਜ਼ੀਸ਼ਨ ਕੀ ਹੈ?*

**ਨਜ਼ੀਰ ਕਹੂਟ:** ਮੇਰੇ ਖਿਆਲ ਦੇ ਮੁਤਾਬਿਕ ਇਹ ਲਹਿਰ ਨਿਸਫਲ ਹੋ ਚੁੱਕੀ ਹੈ। ਇਹਦੇ ਪਿੱਛੇ ਜਾਗੀਰਦਾਰ ਸਨ। ਪਾਕਿਸਤਾਨ ਦਾ ਐਸ ਵੇਲੇ ਦਾ ਸਦਰ ਦੱਖਣੀ ਪੰਜਾਬ ਦਾ ਹੈ, ਜਿਹਨੂੰ ਸਰਾਇਕੀ ਇਲਾਕਾ ਆਖਿਆ ਜਾਂਦਾ ਹੈ। ਇਸ ਇਲਾਕੇ ਦੇ ਲੋਕ ਫੌਜ ਵਿਚ ਹਨ, ਅਸੈਂਬਲੀ ਵਿਚ ਹਨ ਤੇ ਪਾਰਲੀਮੈਂਟ ਵਿਚ ਹਨ। ਇਨ੍ਹਾਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਇਹ ਗਲਤ ਕੰਮ ਕਰ ਰਹੇ ਹਨ। ਇਹਦਾ ਜ਼ਿਆਦਾ ਸਰਗਰਮ ਆਗੂ ਸਾਊਦੀ ਅਰਬ ਵਿਚ ਨੱਸ ਗਿਆ ਹੈ। ਜਾਗੀਰਦਾਰਾਂ ਨੇ ਆਪਣਾ ਹੱਥ ਪਿੱਛੇ ਖਿੱਚ ਲਿਆ ਹੈ। ਉਥੋਂ ਦੇ ਲੋਕਾਂ ਨੂੰ ਕੋਈ ਦਿਲਚਸਪੀ ਨਹੀਂ ਹੈ। ਇਨ੍ਹਾਂ ਇਲਾਕਿਆਂ ਵਿਚ ਸੈਂਟਰਲ ਪੰਜਾਬ ਦਾ ਆਬਾਦਕਾਰ, ਜੋ ਚੋਖੀ ਗਿਣਤੀ ਵਿਚ ਵੱਸਿਆ ਹੋਇਆ ਹੈ, ਉਹ ਵੀ ਇਸ ਮਸਲੇ ਦਾ ਵਿਰੋਧ ਕਰ ਰਿਹਾ ਹੈ। ਪੰਜਾਬ ਦੀ ਤਕਸੀਮ ਸੰਬੰਧੀ ਇਸ ਤਹਿਰੀਕ ਦੀ ਜਾਨ ਨਿਕਲ ਚੁੱਕੀ ਹੈ।

***ਪ੍ਰੀਤਮ ਸਿੰਘ ਕੈਂਬੋ:*** *ਪੰਜਾਬੀ ਦੇ ਪਰਚੇ ਕਿੱਥੋਂ-ਕਿੱਥੋਂ ਨਿਕਲਦੇ ਹਨ ਤੇ ਇਨ੍ਹਾਂ ਦੇ ਪਾਠਕ ਕਿੰਨੇ ਕੁ ਹਨ?*

**ਨਜ਼ੀਰ ਕਹੂਟ:** ਪੰਜਾਬੀ ਪਰਚਿਆਂ ਦੀ ਹਾਲਤ ਬੜੀ ਉਦਾਸੀਨਤਾ ਵਾਲੀ ਹੈ। ਫਿਰ ਵੀ ***ਲਹਿਰਾਂ*** ਪਿਛਲੇ ਪੈਂਤੀ ਸਾਲ ਤੋਂ ਨਿਰੰਤਰ ਚੱਲ ਰਿਹਾ ਹੈ। ਪੰਜਾਬੀ ਅਦਬੀ ਬੋਰਡ ਦਾ ਪਰਚਾ ***ਪੰਜਾਬੀ ਅਦਬ*** ਲਗਾਤਾਰ ਚੱਲ ਰਿਹਾ ਹੈ। ਇਲਿਆਸ ਘੁੰਮਣ ਦਾ ਪਰਚਾ ***ਰਵੇਲ*** ਛਪ ਰਿਹਾ ਹੈ, ਇਹ ਮਾਸਿਕ ਪਰਚਾ ਹੈ। ਜਮੀਲ ਪਾਲ ਦਾ ***ਸਵੇਰ*** (ਤ੍ਰੈ-ਮਾਸਿਕ) ਛਪ ਰਿਹਾ ਹੈ। ***ਭੁਲੇਖਾ*** ਛਪਦਾ ਸੀ, ਜੋ ਬੰਦ ਹੋ ਗਿਆ ਹੈ। ***ਸੱਜਣ*** ਕਾਫੀ ਪਾਪੂਲਰ ਸੀ ਪਰ ਬਹਿ ਗਿਆ ਹੈ। ਪੀਪਲਜ਼ ਪਾਰਟੀ ਦਾ ***ਪੰਜ ਰੰਗ*** ਕਰਾਚੀ ਤੋਂ ਨਿਕਲਿਆ ਪਰ ਬੰਦ ਹੋ ਗਿਆ। ਇਸੇ ਤਰ੍ਹਾਂ ***ਜੀਨੀਅਸ*** ਵੀ ਬੰਦ ਹੋ ਗਿਆ। ਇਨ੍ਹਾਂ ਪਰਚਿਆ ਦੇ ਪਾਠਕ ਬਹੁਤ ਹੀ ਸੀਮਤ ਹਾਲਤ ਵਿਚ ਹਨ ਕਿਸੇ ਵੀ ਪਰਚੇ ਦੀ ਇਸ਼ਾਇਅਤ ਚਾਰ ਪੰਜ ਹਜ਼ਾਰ ਤੋਂ ਵੱਧ ਨਹੀਂ ਹੈ।

***ਪ੍ਰੀਤਮ ਸਿੰਘ ਕੈਂਬੋ:*** *ਲਹਿੰਦੇ ਪੰਜਾਬ ਦੇ ਪੰਜਾਬੀ ਲੇਖਕ ਉਰਦੂ (ਸ਼ਾਹਮੁਖੀ) ਲਿਪੀ ਲਿਖੀ ਪੰਜਾਬੀ ਪੜ੍ਹਦੇ ਹਨ ਤੇ ਚੜ੍ਹਦੇ ਪੰਜਾਬ ਦੇ ਪੰਜਾਬੀ ਲੇਖਕ ਗੁਰਮੁਖੀ ਲਿਪੀ ਵਾਲੀ ਪੰਜਾਬੀ। ਅਸੀਂ ਆਦਾਨ-ਪ੍ਰਦਾਨ ਰਾਹੀਂ ਬੜਾ ਕੁਝ ਕਰ ਸਕਦੇ ਹਾਂ। ਅਸੀਂ ਅਸਮਰੱਥ ਕਿਉਂ ਹਾਂ? ਤੁਹਾਡੇ ਵਿਚਾਰ ਅਨੁਸਾਰ ਪੰਜਾਬੀ ਭਾਸ਼ਾ, ਕਲਚਰ ਤੇ ਸਾਹਿਤ ਦੇ ਪ੍ਰੋਤਸਾਹਨ ਵਾਸਤੇ ਕੀ ਕੁਝ ਕਰ ਸਕਦੇ ਹਾਂ?*

**ਨਜ਼ੀਰ ਕਹੂਟ:** ਤੁਹਾਡਾ ਸਵਾਲ ਬੜਾ ਅਹਿਮ ਹੈ। ਪੰਜਾਬੀਆਂ ਦੀਆਂ ਹੋਰ ਮੁਸ਼ਕਲਾਂ ਦੇ ਨਾਲ ਇਹ ਵੀ ਇਕ ਵੱਡੀ ਮੁਸੀਬਤ ਹੈ ਕਿ ਪੰਜਾਬੀ ਜ਼ਬਾਨ ਦੀ ਲਿਪੀ ਵੀ ਵੰਡੀ ਗਈ ਹੈ। ਚੜ੍ਹਦੇ ਪੰਜਾਬ ਦੀ ਪੰਜਾਬੀ ਹਿੰਦੀ ਤੋਂ ਪ੍ਰਭਾਵਿਤ ਹੋ ਰਹੀ ਹੈ ਤੇ ਲਹਿੰਦੇ ਪੰਜਾਬ ਦੀ ਪੰਜਾਬੀ ਅਰਬੀ ਫਾਰਸੀ ਤੋਂ। ਇਸ ਤਰ੍ਹਾਂ ਪੰਜਾਬੀ ਵਿਚ ਅਰਬੀ, ਫਾਰਸੀ ਤੇ ਹਿੰਦੀ ਭਾਸ਼ਾਈ ਸ਼ਬਦ ਵਾੜੇ ਜਾ ਰਹੇ ਹਨ। ਇਹ ਕੋਈ ਚੰਗਾ ਸ਼ਗਨ ਨਹੀਂ ਹੈ। ਇਹ ਦੋ ਲਿਪੀਆਂ ਵਾਲਾ ਮਸਲਾ ਬਹੁਤ ਹੀ ਸੰਜੀਦਾ ਹੈ। ਇਸ ਨੂੰ ਉੱਚ-ਪੱਧਰ 'ਤੇ ਹੱਲ ਕਰਨ ਦੀ ਲੋੜ ਹੈ। ਉਧਰ ਗੁਰਮੁਖੀ ਲਿਪੀ ਮਜ਼ਹਬ ਦੇ ਪ੍ਰਭਾਵ ਕਰਕੇ ਹੈ ਤੇ ਇਧਰ ਪਰਸ਼ੀਅਨ ਸਕਰਿਪਟ ਵੀ ਮਜ਼ਹਬ ਦੇ ਨਾਂ 'ਤੇ ਪ੍ਰਭਾਵਿਤ ਹੈ। ਪਰ ਪੰਜਾਬੀ ਜ਼ਬਾਨ, ਕਲਚਰ ਤੇ ਇਤਿਹਾਸ ਇਕ ਹੀ ਹੈ, ਫਿਰ ਇਹ ਕਿਉਂ ਦੋ ਲਿਪੀਆਂ ਵਿਚ ਲਿਖੀ ਜਾਵੇ। ਇਸ 'ਤੇ ਜਲਦੀ ਗੌਰ ਕਰਨ ਦੀ ਲੋੜ ਹੈ। ਪਹਿਲ ਦੇ ਤੌਰ 'ਤੇ ਦੋਨੋਂ ਲਿਪੀਆਂ ਰੱਖੀਆਂ ਜਾਣ ਤਾਂ ਕਿ ਦੋਨਾਂ ਪਾਸਿਆਂ ਤੋਂ ਆਦਾਨ-ਪ੍ਰਦਾਨ ਹੋ ਸਕੇ। ਇਕ ਤੱਥ ਇਹ ਵੀ ਹੈ ਕਿ ਗੁਰਮੁਖੀ ਲਿਪੀ 'ਚ ਲਿਖਿਆ ਪੰਜਾਬੀ ਦਾ ਖ਼ਜ਼ਾਨਾ ਅਥਾਹ ਹੈ। ਲਹਿੰਦੇ ਪੰਜਾਬ ਵਿਚ ਪੰਜਾਬੀਆਂ ਦੀ ਆਬਾਦੀ ਕਾਫ਼ੀ ਹੈ। ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਕਿ ਗੁਰਮੁਖੀ ਲਿਪੀ ਲੋਕ ਵੱਧ ਸਿੱਖਣ। ਫਿਰ ਜੋ ਕੁਝ ਏਧਰ ਹੈ, ਉਹ ਉਧਰ ਵੀ ਪੜ੍ਹਿਆ ਜਾਵੇ। ਫਿਰ ਸ਼ਾਹਮੁਖੀ ਲਿਪੀ ਵਿਚ ਵੀ ਕਰ ਦਿੱਤਾ ਜਾਵੇ। ਅਗਲੇ ਮੁਕਾਮ 'ਤੇ ਜਾ ਕੇ ਇਹ ਫੈਸਲਾ ਕੀਤਾ ਜਾਵੇ ਕਿ ਕਿਹੜੀ ਲਿਪੀ

ਵਰਤੀ ਜਾਵੇ। ਜੇ ਤਕਨੀਕੀ ਤੌਰ ਤੇ ਗੁਰਮੁਖੀ ਲਿਪੀ ਉਚਿਤ ਹੈ ਤਾਂ ਇਹਨੂੰ ਅੰਤਿਮ ਮੰਨ ਲਿਆ ਜਾਣਾ ਚਾਹੀਦਾ ਹੈ। ਜੇ ਧਾਰਮਿਕ ਵਿਵਾਦ ਖੜ੍ਹਾ ਹੋ ਜਾਵੇ ਤਾਂ ਇਹਨੂੰ ਬੁੱਧੀ-ਜੀਵੀ ਹੱਲ ਕਰ ਸਕਦੇ ਹਨ। ਮੇਰਾ ਮੂਲ ਖੁਲਾਸਾ ਇਹ ਹੈ ਕਿ ਗੁਰਮੁਖੀ ਵਿਚ ਲਿਖੇ ਪੰਜਾਬੀ ਖ਼ਜ਼ਾਨੇ ਨੂੰ ਲਹਿੰਦੇ ਪੰਜਾਬ 'ਚ ਤਬਦੀਲ ਕਰਨ ਲਈ ਗੁਰਮੁਖੀ ਵੱਲ ਧਿਆਨ ਦੇਣਾ ਚਾਹੀਦਾ ਹੈ।

***ਪ੍ਰੀਤਮ ਸਿੰਘ ਕੈਂਬੋਃ*** *ਜਦੋਂ ਭਾਰਤ ਦੀ ਵੰਡ ਹੋਈ, ਉਦੋਂ ਪੰਜਾਬ ਦਾ ਜ਼ਿਆਦਾ ਨੁਕਸਾਨ ਹੋਇਆ। ਅਦੀਬ ਲੋਕਾਂ ਨੂੰ ਆਉਣ ਜਾਣ ਦੀ ਪੂਰੀ ਆਜ਼ਾਦੀ ਵੀ ਨਹੀਂ ਮਿਲੀ। ਆਦਾਨ ਪ੍ਰਦਾਨ ਕੱਟਿਆ ਗਿਆ। ਇਸ ਲਈ ਪੰਜਾਬੀ ਨੂੰ ਵੀ ਕਾਫੀ ਸੱਟ ਵੱਜੀ ਹੈ। ਤੁਸੀ ਦੋਨਾਂ ਲਿਪੀਆਂ ਦੀ ਗੱਲ ਕੀਤੀ ਹੈ, ਪਰੰਤੂ ਜਿੰਨਾ ਚਿਰ ਸਰਕਾਰ ਪ੍ਰੋਤਸਾਹਨ ਨਹੀਂ ਕਰਦੀ, ਓਨਾ ਚਿਰ ਮਸਲਾ ਨਿਪਟੇਗਾ ਨਹੀਂ। ਇਹ ਸਾਰਾ ਭਾਰ ਕੌਣ ਚੁੱਕੇਗਾ?*

**ਨਜ਼ੀਰ ਕਹੂਟਃ** ਇਸ ਸੰਬੰਧ ਵਿਚ ਮੈਂ ਕਹਿਣਾ ਚਾਹਾਂਗਾ ਕਿ ਲਹਿੰਦੇ ਪੰਜਾਬ ਤੇ ਚੜ੍ਹਦੇ ਪੰਜਾਬ ਦੇ ਚਿੰਤਕਾਂ ਦਾ ਫੋਰਮ ਬਣਨਾ ਚਾਹੀਦਾ ਹੈ। ਇਕ ਫ਼ਾਰਮੂਲਾ ਤੈ ਹੋਣਾ ਚਾਹੀਦਾ ਹੈ, ਫਿਰ ਮੁਖ਼ਤਲਿਫ਼ ਪਹੁੰਚਾਂ ਅਪਣਾਈਆਂ ਜਾ ਸਕਦੀਆਂ ਹਨ। ਇਹ ਰਾਜਨੀਤਕ ਵੀ ਹੋ ਸਕਦੀਆਂ ਹਨ, ਜਿਸ ਦਾ ਆਧਾਰ ਸ਼ਾਂਤਮਈ ਪੱਧਰ ਦਾ ਹੋਵੇ। ਭਾਵੇਂ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਸਾਰੇ ਲੋਕ ਪੜ੍ਹਨਾ ਨਹੀਂ ਚਾਹੁੰਦੇ, ਪਰ ਐਸੀ ਘੱਟ ਗਿਣਤੀ ਜੋ ਪ੍ਰਭਾਵਸ਼ਾਲੀ ਹੋਵੇ, ਜੋ ਸ਼ਾਹਮੁਖੀ ਤੇ ਗੁਰਮੁਖੀ ਲਿਪੀਆਂ ਤੋਂ ਪੂਰੀ ਤਰ੍ਹਾਂ ਜਾਣੂ ਹੋਵੇ, ਪੈਦਾ ਹੋਣੀ ਚਾਹੀਦੀ ਹੈ ਤੇ ਇਹ ਅਹਿਸਾਸ ਮੁੱਕ ਜਾਏ ਕਿ ਪੰਜਾਬੀ ਦੀਆਂ ਦੋਨਾਂ ਲਿਪੀਆਂ ਵਿਚ ਲਿਖਿਆ ਪੜ੍ਹਿਆਂ ਸਮਝਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਦੋਨਾਂ ਪਾਸਿਆਂ ਵਿਚ ਦੂਰੀ ਘਟੇਗੀ। ਬਾਰਡਰ ਨਹੀਂ ਮੁੱਕ ਸਕਦਾ ਤੇ ਇਹ ਸਾਡਾ ਮਸਲਾ ਵੀ ਨਹੀਂ। ਅਸੀਂ ਸਿਰਫ਼ ਪੰਜਾਬੀ ਜ਼ਬਾਨ ਤੇ ਕਲਚਰ ਦੇ ਹਵਾਲੇ ਨਾਲ ਗੱਲ ਕਰ ਰਹੇ ਹਾਂ ਤੇ ਇਹ ਸਾਡਾ ਅਟੁੱਟ ਰਿਸ਼ਤਾ ਹੈ।

***ਪ੍ਰੀਤਮ ਸਿੰਘ ਕੈਂਬੋਃ*** *ਐਸ ਵੇਲੇ ਪੰਜਾਬੀ ਸਾਹਿਤ ਦੀ ਕੀ ਸਥਿਤੀ ਹੈ? ਕਵਿਤਾ ਵਿਚ ਕੀ ਕੰਮ ਹੋਇਆ ਹੈ। ਵਾਰਤਕ ਤੇ ਨਾਵਲ ਆਦਿ ਵਿਚ ਕੀ ਕੁਝ ਰਚਿਆ ਜਾ ਰਿਹਾ ਹੈ?*

**ਨਜ਼ੀਰ ਕਹੂਟਃ** ਨਾਵਲ ਨਿਗਾਰੀ 'ਚ ਅਫ਼ਜ਼ਲ ਅਹਿਸਾਨ ਰੰਧਾਵਾ, ਇਲਿਆਸ ਘੁੰਮਣ ਤੇ ਲੋਧੀ ਵੱਡੇ ਨਾਂ ਹਨ। ਖੋਜਕਾਰੀ ਵਿਚ ਐਨੁਲਹੱਕ ਫ਼ਰੀਦਕੋਟੀ, ਸ਼ਫ਼ਕਤ ਮਿਰਜ਼ਾ, ਆਸਿਫ਼ ਖਾਂ ਉੱਚੇ ਪੱਧਰ 'ਤੇ ਕੰਮ ਕਰ ਰਹੇ ਹਨ। ਸ਼ਾਇਰੀ 'ਚ ਜਾਲਬ, ਬਾਬਾ ਨਾਜ਼ਮੀ ਆਦਿ ਤੋਂ ਇਲਾਵਾ ਹੋਰ ਵੀ ਕਈ ਨਾਮ ਹਨ। ਨਸਲ ਦੇ ਹਵਾਲੇ ਨਾਲ ਅਹਿਮਦ ਸਲੀਮ ਆਦਿ ਕੰਮ ਕਰ ਰਹੇ ਹਨ। ਪੰਜਾਬੀ ਅਦਬ ਖੋਜ 'ਚ ਅਹਿਮ ਹੈ। ਅਖ਼ਤਰ ਹੁਸੈਨ ਨੇ ਵਾਰਾਂ 'ਤੇ ਪ੍ਰਸੰਸਾਯੋਗ ਕੰਮ ਕੀਤਾ ਹੈ। ਸ਼ਾਹਬਾਜ਼ ਮਲਿਕ ਵਲੋਂ ਇਨਸਾਈਕਲੋਪੀਡੀਆ ਚੰਗੀਆਂ ਰਚਨਾਵਾਂ ਹਨ।

***ਪ੍ਰੀਤਮ ਸਿੰਘ ਕੈਂਬੋਃ*** *ਪੰਜਾਬੀ ਵਿਕਾਸ ਦੇ ਕੰਮ ਵਿਚ ਰੁਕਾਵਟ ਮੁੱਢਲੀ ਪੜ੍ਹਾਈ ਨਾ ਹੋਣ ਕਰਕੇ ਹੈ। ਕੀ ਕੋਈ ਐਸੀ ਲਹਿਰ ਖੜੀ ਹੋਈ ਹੈ, ਜਿਸ ਰਾਹੀਂ ਸਰਕਾਰ ਤੇ ਜ਼ੋਰ ਪਾਇਆ ਗਿਆ ਹੋਵੇ?*

**ਨਜ਼ੀਰ ਕਹੂਟਃ** ਐਸੀ ਤਨਜ਼ੀਮ ਨਹੀਂ ਬਣੀ, ਜੋ ਪੰਜਾਬੀ ਜ਼ਬਾਨ ਨੂੰ ਮੀਡੀਅਮ ਦੇ ਤੌਰ 'ਤੇ ਵਰਤਣ ਲਈ ਜ਼ੋਰ ਪਾਵੇ। ਏਧਰ ਪੰਜਾਬੀਆਂ ਦੀ ਕੌਮਪ੍ਰਸਤੀ ਦੀ ਲਹਿਰ ਨਹੀਂ ਉਗਮ ਸਕੀ। ਪਰ ਪੰਜਾਬੀ ਕੌਮਪ੍ਰਸਤੀ ਦੀ ਤਹਿਰੀਕ ਲਈ ਆਧਾਰ ਮੌਜੂਦ ਹੈ। ਜ਼ਮੀਨ ਵੱਤਰ ਹੋਈ ਪਈ ਹੈ ਪਰ ਵਾਹ ਕੇ ਗੋਡਣ ਵਾਲਾ ਨਹੀਂ। ਕਿਸੇ ਨੂੰ ਦਿਲਚਸਪੀ ਨਹੀਂ ਤੇ ਨਾ ਹੀ ਲੋਕਾਂ ਨੂੰ ਸ਼ਊਰ ਹੈ ਤੇ ਲੋਕ ਮੁਫ਼ਾਦ-ਪ੍ਰਸਤ ਹਨ। ਧਰਤੀ ਮਾਂ ਨਾਲ ਮੋਹ ਤੇ ਲਗਾਓ ਨਹੀਂ, ਗਿਆਨ ਨਹੀਂ ਇਸ ਕਰਕੇ ਚੇਤਨਾ ਨਹੀਂ ਉਭਰੀ ਹੈ। ਜੇ ਕੋਈ ਬੀੜਾ ਚੁੱਕਦਾ ਹੈ ਉਹਨੂੰ ਏਜੰਟ ਗਰਦਾਨਿਆਂ ਜਾਂਦਾ ਹੈ। ਉਰਦੂ ਪ੍ਰੈੱਸ ਨੇ ਪੰਜਾਬ ਦੀ ਜ਼ਹਿਨੀਅਤ ਨੂੰ ਬੀਮਾਰ ਕਰ ਦਿੱਤਾ ਹੈ। ਸਿੱਧੇ ਰਾਹ ਤੋਂ ਹਟਾ ਕੇ ਦੂਜੇ ਪਾਸੇ ਲਾ ਦਿੱਤਾ ਹੈ। ਪਰ ਪੰਜਾਬ ਵਿਚ ਜਾਗ੍ਰਿਤੀ ਆ ਰਹੀ ਹੈ।

***ਪ੍ਰੀਤਮ ਸਿੰਘ ਕੈਂਬੋਃ*** *ਤੁਹਾਡੀ ਦੱਸੀ ਤਸਵੀਰ ਤੋਂ ਚੰਗੇ ਪੱਖ ਵੀ ਨਜ਼ਰ ਆ ਰਹੇ ਹਨ। ਪੰਜਾਬੀ ਦਾ ਅਸਰ ਦੂਜੀਆਂ ਸੂਬਿਆਂ 'ਤੇ ਹੈ। ਲੋਕ ਪੰਜਾਬੀ ਦੀਆਂ ਫਿਲਮਾਂ ਵੀ ਦੇਖ ਰਹੇ ਹਨ। ਕੁਝ ਲੇਖਕਾਂ ਦੇ ਪੰਜਾਬੀ ਨਾਲ ਜੁੜਨ ਕਰਕੇ ਚੇਤਨਾ ਵੀ ਪੈਦਾ ਹੋ ਰਹੀ ਹੈ, ਫਿਰ ਅੜਚਣ ਕਿਸ ਗੱਲ ਦੀ ਹੈ?*

**ਨਜ਼ੀਰ ਕਹੂਟਃ** ਇਹ ਸ਼ਕਤੀਸ਼ਾਲੀ ਆਧਾਰ ਦੇ ਨਾ ਹੋਣ ਕਰਕੇ ਹੈ। ਫਿਰ ਵੀ ਪੰਜਾਬੀ ਦਾਨਿਸ਼ਵਰ ਸਰਕਾਰ 'ਤੇ ਦਬਾਅ ਪਾਉਣ ਲਈ ਪ੍ਰੈੱਸ ਕਾਨਫ੍ਰੰਸਾਂ ਕਰਦੇ ਹਨ। ਪੰਜਾਬ ਦੇ ਪੀਰਾਂ ਫ਼ਕੀਰਾਂ ਬਾਬਾ ਬੁੱਲ੍ਹੇ ਸ਼ਾਹ, ਬਾਬਾ ਫ਼ਰੀਦ, ਖ਼ਵਾਜਾ ਫ਼ਰੀਦ, ਮਾਧੋ ਲਾਲ ਹੁਸੈਨ ਅਤੇ ਮੀਆਂ ਮੁਹੰਮਦ ਬਖ਼ਸ਼ ਆਦਿ ਦੇ ਦਿਹਾੜੇ ਮਨਾਏ ਜਾਂਦੇ ਹਨ। ਇਨ੍ਹਾਂ ਮੇਲਿਆਂ ਵਿਚ ਲੋਕ ਜੁੜਦੇ ਹਨ। ਮਸਲਿਆਂ 'ਤੇ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਦਾਨਿਸ਼ਵਰ ਆਪਣੀ ਗੱਲ ਮੀਡੀਏ ਰਾਹੀਂ ਪਹੁੰਚਾਉਂਦੇ ਹਨ। ਸ਼ਫ਼ਕਤ ਸਾਹਿਬ ਪੰਜਾਬੀ ਥੀਮ ਦੇ ਨਾਂ 'ਤੇ ***ਡਾਨ*** ਅਖ਼ਬਾਰ ਵਿਚ ਕਾਲਮ ਲਿਖਦੇ ਹਨ। ਇਸ ਤਰ੍ਹਾਂ ਪੰਜਾਬੀ ਦੇ ਨਾਲ ਉਰਦੂ ਦੇ ਪਰਚਿਆਂ ਵਿਚ ਵੀ ਕੰਮ ਹੁੰਦਾ ਹੈ। ਸ਼ਾਂਤਮਈ ਲਹਿਰ ਦੇ ਰੂਪ ਵਿਚ ਗੱਲ ਅੱਗੇ ਵਧੀ ਹੈ।

***ਪ੍ਰੀਤਮ ਸਿੰਘ ਕੈਂਬੋ:*** *ਚੜ੍ਹਦੇ ਪੰਜਾਬ ਵਿਚ ਬਹੁਤ ਸਾਰੀਆਂ ਸੰਸਥਾਵਾਂ ਬਣੀਆਂ ਹੋਈਆਂ ਹਨ, ਜੋ ਪੰਜਾਬੀ ਲੇਖਕਾਂ ਦੇ ਨਾਂ 'ਤੇ ਹਨ। ਜਿਵੇਂ ਬਾਬਾ ਫ਼ਰੀਦ ਦੇ ਨਾਂ ਅਤੇ ਵਾਰਸ ਸ਼ਾਹ ਦਾ ਨਾਂ 'ਤੇ। ਕੀ ਏਹੋ ਜਿਹੀਆਂ ਸੰਸਥਾਵਾਂ ਲਹਿੰਦੇ ਪੰਜਾਬ ਵਿਚ ਵੀ ਹਨ?*

**ਨਜ਼ੀਰ ਕਹੂਟ:** ਪੰਜਾਬੀ ਅਦਬੀ ਸੰਗਤ ਲਾਹੌਰ ਕਲਾਸੀਕਲ ਸਾਹਿਤਕਾਰਾਂ ਲਈ ਸਾਹਿਤ ਕੰਮ ਕਰ ਰਹੀ ਹੈ। ਤਨਜ਼ੀਮ ਕੋਈ ਨਹੀਂ। ਬਾਬਾ ਨਾਨਕ, ਮਹਾਰਾਜਾ ਰਣਜੀਤ ਸਿੰਘ, ਵਿਸਾਖੀ ਤੇ ਬਸੰਤ ਦੇ ਸ਼ੁਭ ਦਿਹਾੜੇ ਮਨਾਏ ਜਾਂਦੇ ਹਨ। ਪਾਕਿਸਤਾਨੀ ਗੁਰਦੁਆਰਿਆਂ ਬਾਰੇ ਕਾਫੀ ਕੰਮ ਹੋਇਆ ਹੈ ਤੇ ਸਰਕਾਰ ਦਾ ਧਿਆਨ ਇਨ੍ਹਾਂ ਗੁਰਦੁਆਰਿਆਂ ਦੀ ਖ਼ਸਤਾ ਹਾਲਤ ਵੱਲ ਵੀ ਦੁਆਇਆ ਹੈ। ਪੰਜਾਬ ਦਾ ਮਹਿਕਮਾ, ਓਕਾਫ਼, ਚੌਕੰਨਾ ਰਹਿੰਦਾ ਹੈ। ਇਨ੍ਹਾਂ ਕੋਸ਼ਿਸ਼ਾਂ ਕਰਕੇ ਗੁਰਦੁਆਰਿਆਂ ਦੀ ਹਾਲਤ ਵਿਚ ਸੁਧਾਰ ਆਇਆ ਹੈ। ਲਾਹੌਰ ਵਿਚ ਹੋ ਰਿਹਾ ਕੰਮ ਸਾਰੇ ਪਾਕਿਸਤਾਨ ਨੂੰ ਕਵਰ ਕਰਦਾ ਹੈ। ਸ਼ਹੀਦ ਭਗਤ ਸਿੰਘ ਦੇ ਯੋਗਦਾਨ ਦੀ ਬੜੀ ਕਦਰਦਾਨੀ ਹੈ।

***ਪ੍ਰੀਤਮ ਸਿੰਘ ਕੈਂਬੋ:*** *ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਲਹਿੰਦੇ ਪੰਜਾਬ ਵਿਚ ਪੰਜਾਬੀ ਦੇ ਕੰਮ ਬਾਰੇ ਕਾਫੀ ਰੌਸ਼ਨੀ ਪਾਈ ਹੈ। ਬਹੁਤ ਮਿਹਰਬਾਨੀ।*

**ਨਜ਼ੀਰ ਕਹੂਟ:** ਤੁਹਾਡਾ ਵੀ ਬਹੁਤ ਬਹੁਤ ਧੰਨਵਾਦ। ਤੁਸੀ ਏਨਾ ਸਮਾਂ ਦਿੱਤਾ ਤੇ ਸਭ ਕੁਝ ਪਿਆਰ ਨਾਲ ਸੁਣਿਆਂ ਹੈ। ਏਸ ਤਰ੍ਹਾਂ ਗੱਲ ਅਗਾਂਹ ਟੁਰਦੀ ਹੈ। ਅਦਬੀ ਲੋਕ ਹੀ ਮਾਨਵਤਾ ਨੂੰ ਕਾਇਮ ਕਰਦੇ ਹਨ। ਜੋ ਦਾਨਿਸ਼ਵਰ ਪੰਜਾਬੀ ਲਈ ਕੰਮ ਕਰਦੇ ਹਨ ਉਹ ਸਮੁੱਚੀ ਮਨੁੱਖਤਾ ਲਈ ਹੀ ਕੰਮ ਕਰਦੇ ਹਨ। ਤੁਹਾਡੇ ਵਲੋਂ ਦਿੱਤੇ ਇਸ ਸਹਿਯੋਗ ਲਈ ਇਕ ਵਾਰ ਫੇਰ ਬਹੁਤ ਬਹੁਤ ਧੰਨਵਾਦ!